1920 ਤੋਂ

੧ਓ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਜਿਲਦ 102
ਨੰਬਰ 21

੧੬ ਤੋਂ ੩੦ ਮੱਘਰ ੨੦੭੯ ਬਿ.
1 to 15 December 2022

# ਸਤਿਜੁਗ



10/-

# ਰਿਵਾਲਸਰ (ਹਿਮਾਚਲ) ਮੇਲੇ ਦੀਆਂ ਤਸਵੀਰਾਂ

ਮਿਤੀ: 19.10.2022

















# ਸਤਿਜੁਗ

੧੬ ਤੋਂ ੩੦ ਮੱਘਰ ੨੦੭੯ ਬਿ.

1 ਤੋਂ 15 ਦਸੰਬਰ 2022 ਈ.

ਜਿਲਦ 102, ਨੰਬਰ 21



ਸਲਾਹਕਾਰ ਮੈਂਬਰ

ਹਰਵਿੰਦਰ ਸਿੰਘ ਹੰਸਪਾਲ
ਸੁਵਰਨ ਸਿੰਘ ਵਿਰਕ
ਹਰਪਾਲ ਸਿੰਘ ਸੇਵਕ
ਸੰਤ ਨਿਸ਼ਾਨ ਸਿੰਘ
ਗੁਰਭੇਜ ਸਿੰਘ ਗੁਰਾਇਆ

ਸੰਪਾਦਕ

ਜਸਵੰਤ ਸਿੰਘ ਮਸਤ
ਗੁਰਲਾਲ ਸਿੰਘ
ਭਜਨ ਸਿੰਘ



*Printed and Published by*
*Mr. Harvendra Singh Hanspal*
*on behalf of Namdhari Darbar.*
*Printed at Summit advertising press,*
*2DLF (Part), Moti Nagar, New Delhi*
*and Published from Namdhari Gurdwara,*
*Ramesh Nagar, New Delhi-110015.*

THE SATJUG
Namdhari Gurdwara
Ramesh Nagar, New Delhi-15
RNI No. 55658/93
LDM/008/2021-2023

***Designed and Typeset:***

**ਹਾਕਮ ਸਿੰਘ, ਯੁਵਰਾਜ ਸਿੰਘ**
**ਤਰਨ ਬੱਲ**



ਪੱਤਰ ਵਿਹਾਰ ਦਾ ਪਤਾ :
ਸਤਿਜੁਗ
ਗੁਰਦੁਆਰਾ ਸ੍ਰੀ ਭੈਣੀ ਸਾਹਿਬ,
ਲੁਧਿਆਣਾ, ਪੰਜਾਬ-141126
ਫੋਨ : 98550-58178
89267-83000, 98155-75099
***Email- Satjug@sribhainisahib.com***


# ਤਤਕਰਾ


* ਸੰਪਾਦਕੀ........................................................4
* ਗੁਰਬਾਣੀ ਵਿਆਖਿਆ..........................................6
* ਨਾਮਧਾਰੀ ਲਹਿਰ ਦਾ ਸਮਾਜ ਵਿਗਿਆਨਕ ਅਧਿਐਨ
ਡਾ. ਹਰਵਿੰਦਰ ਸਿੰਘ ਭੱਟੀ, ਪ੍ਰਭਜੋਤ ਕੌਰ...............8
* ਨਸ਼ੇ ਦਾ ਕਹਿਰ
ਨਰੈਣ ਸਿੰਘ ਜਲੰਧਰ.................................19
* ਉਡੀਕ
ਕਿਰਪਾਲ ਕਜ਼ਾਕ...................................24
* ਅਨਾਜ ਨੂੰ ਸੁਯੋਗ ਤਰੀਕੇ ਨਾਲ ਸੁਕਾਉਣ ਵਾਸਤੇ ਸੋਲਰ ਬਬਲ ਡਰਾਇਅਰ
ਡਾ. ਆਲਾ ਸਿੰਘ...................................28
* ਬੀਤੇ ਦੀਆਂ ਪੈੜਾਂ (ਅਣਛਪਿਆ ਭਾਗ)
ਸਵ. ਪ੍ਰੀਤਮ ਸਿੰਘ ਕਵੀ.............................30
* **South Africa's biggest cities are out of water, but the dams are full: what's gone wrong**
**Anja Du Plessis............................................33**
* **A Saga of Sri Satguru Jagjit Singh ji**
**Dr. Sharada Jayagovind...........................36**
* ਕਾਵਿ-ਕਿਆਰੀ...............................................38
* ਖ਼ਬਰਨਾਮਾ...................................................39
* **Matrimonial...........................................................42**



ਨੋਟ- ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕੀ ਬੋਰਡ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

# ਸਤਜੁਗ

ਸਤਜੁਗਿ ਸਚੁ ਕਹੈ ਸਭੁ ਕੋਈ॥

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬਿ. (1920 ਈ:) ਤੋਂ ਸਥਾਪਿਤ

## ਸੰਪਾਦਕੀ

ਗੁਰੂ ਨਾਨਕ ਦੇਵ ਜੀ ਨੇ ਇਸ ਅਸਾਰ ਸੰਸਾਰ ਵਿਚ ਇਕ ਐਸੇ ਅਬਚਲ ਰਾਜ ਦੀ ਸਥਾਪਨਾ ਕੀਤੀ ਜੋ ਦੁਨੀਆਵੀ ਰਾਜਿਆਂ ਦੀ ਕਲਪਨਾ ਤੋਂ ਨਿਵੇਕਲਾ ਤੇ ਉੱਚਾ ਹੈ। ਇਸ ਰਾਜ ਦੀਆਂ ਸੀਮਾਵਾਂ ਅਸੀਮ ਹਨ। ਜਾਤੀ, ਧਰਮ, ਲਿੰਗ ਦੇ ਭੇਦ ਭਾਵ ਤੋਂ ਮੁਕਤ ਇਹ ਰਾਜ ਹਰ ਪ੍ਰਾਣੀ ਮਾਤਰ ਤੱਕ ਪਹੁੰਚ ਰੱਖਦਾ ਹੈ। ਇਹ ਰਾਜ ਕਾਲ ਦੇ ਚੱਕਰ ਤੋਂ ਵੀ ਮੁਕਤ ਹੈ। ਜਦੋਂ ਤੱਕ ਇਹ ਬ੍ਰਹਮੰਡ ਹੈ ਇਹ ਰਾਜ ਚਲਦਾ ਰਹੇਗਾ। ਇਹ ਕਦੀ ਖ਼ਤਮ ਨਹੀਂ ਹੋ ਸਕਦਾ। ਇਹ ਨਿਹਚਲ ਰਾਜ ਹੈ। ਭਾਈ ਸਤਾ ਤੇ ਬਲਵੰਡ ਜੀ ਆਖਦੇ ਹਨ ਇਸ ਰਾਜ ਦੀ ਨੀਂਹ ਬੜੀ ਵੱਡੀ ਤੇ ਬਲ ਵਾਲੀ ਹੈ ਆਪ ਨੇ ਫ਼ਰਮਾਇਆ–

ਨਾਨਕਿ ਰਾਜ ਚਲਾਇਆ ਸਚੁ ਕੋਟੁ ਸਤਾਣੀ ਨੀਵ ਦੈ॥

ਗੁਰੂ ਨਾਨਕ ਪਾਤਸ਼ਾਹ ਨੇ ਭਾਈ ਲਹਿਣੇ ਨੂੰ ਇਸ ਰਾਜ ਦਾ ਅਗਲਾ ਵਾਰਿਸ ਬਣਾ ਦੇਹਧਾਰੀ ਗੁਰੂ ਦੀ ਮਰਿਆਦਾ ਸਦਾ ਲਈ ਸਥਾਪਿਤ ਕਰ ਦਿੱਤੀ। ਇਸ ਅਬਚਲ ਰਾਜ ਦੇ ਵਾਰਿਸਾਂ ਨੇ ਆਪਣੇ ਸਰੀਰਕ ਚੋਲੇ ਬਦਲੇ ਪਰ ਜੋਤਿ ਇਕ ਹੀ ਰਹੀ–

ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ॥

ਹਰ ਸਤਿਗੁਰੂ ਸਾਹਿਬਾਨ ਨੇ ਅਗਲੇ ਵਾਰਿਸ ਲਈ

ਸੰਕੇਤ ਪਹਿਲਾਂ ਹੀ ਦੇਣੇ ਆਰੰਭ ਕਰ ਦਿੰਦੇ। ਇਨ੍ਹਾਂ ਸੰਕੇਤਾਂ ਨੂੰ ਗੁਰਮੁੱਖ ਪਿਆਰੇ ਸਮਝਦੇ ਤੇ ਜਦੋਂ ਜੋਤਿ ਬਦਲਦੀ ਤਾਂ ਅਗਲਾ ਵਾਰਿਸ ਸੰਗਤ 'ਚ ਪ੍ਰਗਟ ਹੁੰਦਾ। ਸੇਵਾ, ਸਿਮਰਨ, ਹਲੀਮੀ ਆਦਿ ਗੁਣਾਂ ਨਾਲ ਭਰਪੂਰ ਇਹ ਨਵਾਂ ਵਾਰਿਸ ਮਰਿਆਦਾ ਨੂੰ ਪ੍ਰਪੱਕ ਕਰਵਾਉਂਦਾ ਤੇ ਸਿੱਖੀ ਸਿਧਾਂਤਾ ਦਾ ਪ੍ਰਚਾਰ ਤੇ ਪ੍ਰਸਾਰ ਕਰਦਾ। ਗਦੀ ਨਸ਼ੀਨ ਸਤਿਗੁਰੂ ਹਰ ਪੱਖ ਤੋਂ ਆਦਿ ਸਤਿਗੁਰੂ ਦੀਆਂ ਉਮੀਦਾ ਤੇ ਪੂਰਾ ਉਤਰਿਆਂ ਹੁੰਦਾ।

ਜਦੋਂ ਸਤਿਗੁਰੂ ਉਦੇ ਸਿੰਘ ਜੀ ਨੂੰ ਸਤਿਗੁਰੂ ਜਗਜੀਤ ਸਿੰਘ ਜੀ ਨੇ ਇਕ ਨਿਵੇਕਲੇ ਤੇ ਔਖੇ ਕਾਰਜ ਲਈ ਚੁਣ ਬੈਂਗਲੌਰ ਭੇਜਿਆ ਤਾਂ ਇਥੇ ਸੰਘਣਾ ਜੰਗਲ ਸੀ ਹਰ ਕੋਈ ਵੇਖਣ ਵਾਲਾ ਕਹਿੰਦਾ ਇਥੇ ਕੀ ਹੋਵੇਗਾ ਕਈ ਤੇ ਜ਼ਿੰਮੇਵਾਰੀ ਛੱਡ ਭੱਜ ਆਏ ਪਰ ਸਤਿਗੁਰੂ ਜੀ ਦਾ ਹੁਕਮ ਮੰਨ ਸਤਿਗੁਰੂ ਉਦੇ ਸਿੰਘ ਜੀ ਨੇ ਤਨ-ਮਨ ਨਾਲ ਇਸ ਵੱਡੇ ਕਾਰਜ ਲਈ ਜੁੱਟ ਗਏ। ਆਪ ਹਰ ਪੱਖ ਤੋਂ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਪ੍ਰਵਾਨ ਹੋਏ। ਆਪ ਨੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮ ਨੂੰ ਸਭ ਤੋਂ ਉੱਚਾ ਜਾਣ ਕਦੀ ਦਿਨ ਰਾਤ ਨਹੀਂ ਵੇਖਿਆ। ਅਸੰਭਵ ਕੰਮ ਜਦੋਂ ਸੰਭਵ ਹੋ ਗਏ ਤਾਂ ਆਪ ਨੇ ਸਦਾ ਇਹ ਹੀ ਵਾਕ ਬੋਲੇ ਇਹ ਮੇਰੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਬਖ਼ਸ਼ਿਸ਼ ਤੇ ਬਰਕਤ ਹੈ।

ਅਸੀਂ ਸਤਿਗੁਰੂ ਜਗਜੀਤ ਸਿੰਘ ਜੀ ਦੇ ਹਜ਼ੂਰ ਸਤਿਗੁਰੂ ਜੀ ਬਾਰੇ ਹੋਏ ਅਨੇਕਾਂ ਸੰਕੇਤਾਂ ਤੇ ਬਚਨਾਂ ਨੂੰ ਇਤਿਹਾਸ ਵਿਚੋਂ ਲੱਭ ਸਕਦੇ ਹਾਂ। ਕਵੀ ਪ੍ਰੀਤਮ ਸਿੰਘ ਜੀ ਲਿਖਦੇ ਹਨ-

ਸਤਿਗੁਰੂ ਜੀ ਆਪਣੇ ਲਗਾਏ ਪੈਸੇ, ਠਾਕੁਰ ਉਦੇ ਸਿੰਘ ਜੀ ਦੀ ਨਿਗਾਹ ਬਾਨੀ ਤੇ ਸਿਖਾਂ ਸੇਵਕਾਂ ਦੀ ਮਿਹਨਤ ਤੋਂ ਪਰਮ ਸੰਤੁਸ਼ਟ ਸਨ ਸਤਿਗੁਰੂ ਜੀ ਨੇ ਮੈਨੂੰ ਕਿਹਾ-

"ਛੋਟਾ ਕਾਕਾ ਹਰ ਗੱਲ ਨੂੰ ਬੜੇ ਗਹੁ ਨਾਲ ਪੜ੍ਹਦਾ, ਸੁਣਦਾ, ਵਿਚਾਰਦਾ, ਸਮਝਦਾ ਹੈ। ਹਰ ਖੇਤਰ ਵਿੱਚ ਇਸ ਦਾ ਗਿਆਨ ਕੇਵਲ ਸੁਣਿਆ ਸੁਣਾਇਆ ਨਹੀਂ ਸਗੋਂ ਨਿਜੀ ਤੌਰ ਤੇ ਕਮਾਇਆ ਹੋਇਆ ਹੈ।"

ਸਤਿਗੁਰੂ ਉਦੇ ਸਿੰਘ ਜੀ ਨੂੰ ਸਤਿਗੁਰੂ ਜਗਜੀਤ ਸਿੰਘ ਜੀ ਨੇ ਹਰ ਕਸਵੱਟੀ 'ਤੇ ਪਰਖਿਆ ਅਤੇ ਅਪਾਰ ਖੁਸ਼ੀਆਂ ਬਖ਼ਸ਼ੀਆਂ। ਜੋ ਕਾਰਜ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਚੰਗਾ ਲਗੇ ਅਤੇ ਜਿਸ ਵਿੱਚ ਉਨ੍ਹਾਂ ਦੀ ਖੁਸ਼ੀ ਹੋਵੇ ਉਹ ਹੀ ਆਪ ਨੇ ਕੀਤਾ। ਜਿਸ ਵਿੱਚ ਸਤਿਗੁਰੂ ਜੀ ਦੀ ਖ਼ੁਸ਼ੀ ਨਹੀਂ ਸੀ ਉਸ ਪੱਖ ਵੱਲ ਆਪ ਨੇ ਕਦੇ ਦੇਖਿਆ ਤੱਕ ਨਹੀਂ। ਸਤਿਗੁਰੂ ਜਗਜੀਤ ਸਿੰਘ ਜੀ ਅਕਸਰ ਫ਼ਰਮਾਉਂਦੇ ਸੀ "ਛੋਟਾ ਕਾਕਾ ਬਹੁਤ ਮਿਹਨਤੀ ਹੈ। ਮੈਂ ਜੋ ਕਿਹਾ ਉਸ ਪੂਰਾ ਕਰ ਵਿਖਾਇਆ ਹੈ। 5 ਮਾਰਚ 1978 ਗੋਲਾ ਫਾਰਮ ਦਾ ਇਕ ਬਚਨ ਹੋਰ ਕਵੀ ਪ੍ਰੀਤਮ ਸਿੰਘ ਜੀ ਲਿਖਦੇ ਹਨ।

ਸਤਿਗੁਰੂ ਜਗਜੀਤ ਸਿੰਘ ਜੀ ਦੇ ਬੈਠਿਆ ਠਾਕੁਰ ਉਦੇ ਸਿੰਘ ਜੀ ਆ ਗਏ ਤਾਂ ਸਤਿਗੁਰੂ ਜੀ ਪ੍ਰਸ਼ਾਦ ਛਕਦਿਆਂ ਹੀ ਸ੍ਰੀ ਉਦੇ ਸਿੰਘ ਜੀ ਲਈ ਉਠ ਕੇ ਥਾਂ ਬਣਾਈ। ਉਹ ਆਪਣਾ ਆਸਣ ਵਿਛਾ ਕੇ ਬੈਠ ਗਏ। ਸਤਿਗੁਰੂ ਜੀ ਨੇ ਛੋਟੇ ਕਾਕੇ ਬਾਰੇ ਦਸਿਆ- ਜਦੋਂ ਮਾਘ ਬਤੀਤਿ ਭਾਈ ਰੁਤ ਫਾਗੁਨ ਦਾ ਅੰਤਰਾ ਥੋੜ੍ਹਾ ਠੁਮਰੀ ਅੰਗ ਦਾ ਬਚਨ ਲਗਾ ਤਾਂ ਕਰਕੇ ਨੇ ਸੁਚੇਤ ਕੀਤਾ ਕਿ ਇਸ ਦੀ ਚਾਲ ਵੀ ਅਸਥਾਈ ਵਾਂਗ ਧਮਾਰ ਅੰਗੀ ਰਹਿਣੀ ਚਾਹੀਦੀ ਹੈ। ਇਹ ਸਿਆਣਾ ਹੈ ਸਮਝਣ ਤੇ ਵਿਸ਼ਲੇਸ਼ਣ ਕਰਨ ਨੂੰ।

"ਇਹ ਸਿਆਣਾ ਹੈ ਸਮਝਣ ਤੇ ਵਿਸ਼ਲੇਸ਼ਣ ਕਰਨ ਨੂੰ" ਇਹ ਵਾਕ ਇਕ ਅਗੰਮੀ ਵਰ ਸੀ, ਸੰਕੇਤ ਸੀ, ਜੋ ਅਗਲੇ ਵਾਰਿਸ ਦੇ ਬੇਅੰਤ ਗੁਣਾਂ ਨੂੰ ਦਰਸਾਉਂਦਾ ਸੀ।

ਇਕ ਓਅੰਕਾਰ ਅਕਾਲ ਦੀ ਜੋਤ ਹੈ ਇਹ, ਦਿਨ ਰਾਤ ਨਿਰੰਤਰ ਹੀ ਜੱਗ ਰਹੀ ਏ।
ਰੱਜ-ਰੱਜ ਕੇ ਕਰੋ ਦੀਦਾਰ ਆਕੇ, ਗੰਗਾ ਦਰਸ਼ਨਾ ਦੀ ਭਰ ਭਰ ਵੱਗ ਰਹੀ ਏ।
ਨਾਲੇ ਤਾਰਦੀ ਏ ਨਾਲੇ ਠਾਰਦੀ ਏ, ਬੁੱਝ ਤਪਦਿਆਂ ਦਿਲਾਂ ਦੀ ਅੱਗ ਰਹੀ ਏ।
ਅੰਮ੍ਰਿਤ ਬਰਸਦਾ ਰਹੇ ਹਮੇਸ਼ ਇੱਥੇ, ਕੋਈ ਭੁੱਖ ਪਿਆਸ ਨਾ ਲੱਗ ਰਹੀ ਏ।
ਬਾਹਰੋਂ ਅੰਦਰੋਂ ਹੋਇ ਭਰਪੂਰ ਏਨੇ, ਰੂਹ ਆਤਮਾਂ ਭਟਕਦੀ ਲੁੱਝਦੀ ਨਹੀਂ।
ਇਹ ਗੱਲ ਤਾਂ 'ਢਿਲੋਂ, ਲਲਕਾਰ ਕਹਿੰਦੈ, ਜੋਤ ਬਦਲਦੀ ਏ ਜੋਤ ਬੁਝਦੀ ਨਹੀਂ।

# ਗੁਰਬਾਣੀ ਵਿਆਖਿਆ - ਜਾਪੁ

**ਨਮੋ ਰਾਜ ਰਾਜੇਸ੍ਵਰੰ ਪਰਮ ਬ੍ਰਿਧੇ॥੫੧॥**

ਮਹਾਨ ਚੱਕ੍ਰਵਰਤੀ ਰਾਜੇ ਤੈਨੂੰ ਨਮਸਕਾਰ ਹੈ।

You, the great emperor of the world, O God! I bow in salutation before you.

You are the Supreme King and magnanimous! Salutations to You.

ਨਮੋ ਸਸਤ੍ਰ ਪਾਣੇ॥ ਨਮੋ ਅਸਤ੍ਰ ਮਾਣੇ॥

ਸ਼ਸਤ੍ਰਾਂ ਨੂੰ ਹੱਥ ਵਿੱਚ ਰੱਖਣ ਵਾਲੇ ਅਤੇ ਅਸਤ੍ਰਾਂ ਨੂੰ ਚਲੌਣ ਵਾਲੇ ਪ੍ਰਭੂ!

ਤੈਨੂੰ ਨਮਸਕਾਰ ਹੈ।

You, the wielder of weapons and user of arms, O God! I bow in salutation before you.

O, God! the bearer and wielder of weapons and arms, Salutations to You.

**ਨਮੋ ਪਰਮ ਗਿਆਤਾ॥ ਨਮੋ ਲੋਕ ਮਾਤਾ॥੫੨॥**

ਮਹਾਂ ਗਿਆਨੀ ਅਤੇ ਸੰਸਾਰ ਦੇ ਜਨਨੀ-ਸਰੂਪ ਪ੍ਰਭੂ!

ਤੈਨੂੰ ਨਮਸਕਾਰ ਹੈ।

O, God -the great Knower and motherly to the whole world-

I bow in salutation before you.

Omniscient and the Creator God! Salutations to You.

**ਅਭੇਖੀ ਅਭਰਮੀ ਅਭੋਗੀ ਅਭੁਗਤੇ॥**

ਹੇ ਪ੍ਰਭੂ! ਤੂੰ ਭੇਖਾਂ, ਭਰਮਾਂ, ਭੋਗਾਂ (ਕਾਮਨਾ) ਅਤੇ

ਵਿਸ਼ੇਸ਼ ਭੋਜਨਾਂ ਤੋਂ ਰਹਿਤ ਹੈਂ।

O God! You are beyond all appearances, fallacies, desires and delicacies.

**ਨਮੋ ਜੋਗ ਜੋਗੇਸ੍ਵਰੰ ਪਰਮ ਜੁਗਤੇ॥੫੩॥**

ਹੇ ਜੋਗੀਆਂ ਦੇ ਮਹਾਨ ਜੋਗੀ ਅਤੇ ਪੂਰਨ ਜੁਗਤੀਵਾਨ ਪ੍ਰਭੂ!

ਤੈਨੂੰ ਨਮਸਕਾਰ ਹੈ।

O, the great yogi of the yogis and perfect planner God! I bow in salutation before you.

O, Greatest *yogi* and perfect planner God! Salutations to You.

**ਨਮੋ ਨਿਤ ਨਾਰਾਇਣੇ ਕ੍ਰੂਰ ਕਰਮੇ॥**

ਸਦਾ ਕਲਿਆਣਕਾਰੀ ਅਤੇ ਦੁਸ਼ਟ ਕਰਮ ਕਰਨ ਵਾਲੇ ਨੂੰ ਨਮਸਕਾਰ ਹੈ।

Ever blissful and evil doer, I salute you. I bow in salutation before you.

O, God! the benefactor of all and the doer of dreadful action, Salutations to You.

**ਨਮੋ ਪ੍ਰੇਤ ਅਪ੍ਰੇਤ ਦੇਵੇ ਸੁ ਧਰਮੇ॥੫੪॥**

ਦੈਂਤਾਂ ਦੇਵਤਿਆਂ ਵਿੱਚ ਬਿਰਾਜਮਾਨ ਅਤੇ ਸ੍ਰੇਸਟ ਧਰਮ ਵਾਲੇ ਪ੍ਰਭੂ ਨੂੰ ਨਮਸਕਾਰ ਹੈ।

The dweller in gods and demons! I bow in salutation before you.

**ਨਮੋ ਰੋਗ ਹਰਤਾ॥ਨਮੋ ਰਾਗ ਰੂਪੇ॥**

ਰੋਗ ਨਾਸ ਕਰਨ ਵਾਲੇ ਅਤੇ ਪ੍ਰੇਮ-ਸਰੂਪ ਪ੍ਰਭੂ! ਤੈਨੂੰ ਨਮਸਕਾਰ ਹੈ।

O God! The destroyer of ailments and love-incarnate! I bow in salutation before you.

O, God! the destroyer of sufferings and embodiment of love, Salutations to You.

**ਨਮੋ ਸਾਹ ਸਾਹੰ॥ਨਮੋ ਭੂਪ ਭੂਪੇ॥੫੫॥**

ਸ਼ਾਹਾਂ ਦੇ ਸ਼ਾਹ ਅਤੇ ਰਾਜਿਆਂ ਦੇ ਰਾਜੇ ਨੂੰ ਨਮਸਕਾਰ ਹੈ।

King of kings, O God! I bow in salutation before you.

O, God! Resource of the rich and kings, Salutations to You.

**ਨਮੋ ਦਾਨ ਦਾਨੇ॥ਨਮੋ ਮਾਨ ਮਾਨੇ॥**

ਦਾਨੀਆਂ ਦੇ ਦਾਨੀ ਅਤੇ ਯੋਗ ਲੋਕਾਂ ਦੇ ਸਨਮਾਨਯੋਗ ਪ੍ਰਭੂ! ਤੈਨੂੰ ਨਮਸਕਾਰ ਹੈ।

O God, the bounteous one and adorable to all, I bow in salutation before you.

O, God! Patron of the benevolent, Honor of the honorable, Salutations to You.

**ਨਮੋ ਰੋਗ ਰੋਗੇ॥ਨਮਸਤੰ ਸਨਾਨੇ॥੫੬॥**

ਰੋਗ ਵਿੱਚ ਰੋਗ-ਸਰੂਪ ਅਤੇ ਅਰੋਗਤਾ-ਸਰੂਪ ਪ੍ਰਭੂ! ਤੈਨੂੰ ਨਮਸਕਾਰ ਹੈ।

Disease among diseases and simultaneously health-incarnate,
O God! I bow in salutation before you.

O, God! the embodiment of illness and healing, Salutations to You.

**ਨਮੋ ਮੰਤ੍ਰ ਮੰਤ੍ਰੰ॥ਨਮੋ ਜੰਤ੍ਰ ਜੰਤ੍ਰੰ॥**

ਮੰਤ੍ਰਾਂ ਵਿੱਚ ਮੰਤ੍ਰ-ਰੂਪ ਅਤੇ ਯੰਤ੍ਰਾਂ ਵਿੱਚ ਯੰਤ੍ਰ-ਰੂਪ ਨੂੰ ਨਮਸਕਾਰ ਹੈ।

I bow in salutation antaram. before you, the mantra among the mantras and instrument (means) among the instruments.

O, God! energy behind the mantras and yantras, Salutations to You.

**ਨਮੋ ਇਸਟ ਇਸਟੇ॥ਨਮੋ ਤੰਤ੍ਰ ਤੰਤ੍ਰੰ॥੫੭॥**

ਇਸ਼ਟਦੇਵਾਂ ਵਿੱਚ ਇਸ਼ਟਦੇਵ ਅਤੇ ਤੰਤ੍ਰਾਂ ਵਿੱਚ ਤੰਤ੍ਰ-ਸਰੂਪ ਨੂੰ ਨਮਸਕਾਰ ਹੈ।

Deity among the deities and charm-incarnate among the charms,
O God! I bow in salutation before you.

O, God! the Highest worship entity and Supreme Tantra, Salutations to You.

**ਨਾਮਧਾਰੀ ਨਿਤਨੇਮ ਸਟੀਕ ਵਿੱਚੋਂ**

# ਨਾਮਧਾਰੀ ਲਹਿਰ ਦਾ ਸਮਾਜ ਵਿਗਿਆਨਕ ਅਧਿਐਨ

**– ਡਾ. ਹਰਵਿੰਦਰ ਸਿੰਘ ਭੱਟੀ, ਪ੍ਰਭਜੋਤ ਕੌਰ**

ਡਾ. ਹਰਵਿੰਦਰ ਸਿੰਘ ਖੋਜਾਰਥੀ ਪ੍ਰਭਜੋਤ ਕੌਰ ਨੇ ਬੜੀ ਮਿਹਨਤ ਨਾਲ ਨਾਮਧਾਰੀ ਜੀਵਨ ਜਾਚ ਬਾਰੇ ਖੋਜ ਭਰਪੂਰ ਕਾਰਜ ਕੀਤਾ ਹੈ। ਇਹ ਖੋਜ ਕਾਰਜ ਸਾਨੂੰ ਨਾਮਧਾਰੀਆਂ ਨੂੰ ਆਪਣੇ ਉਚੇ ਸੁੱਚੇ ਜੀਵਨ ਵਿੱਚ ਆ ਰਹੀਆਂ ਗਿਰਾਵਟਾਂ ਤੋਂ ਜਾਣੂ ਕਰਵਾਉਂਦਾ ਹੈ। ਜ਼ਰੂਰਤ ਹੈ ਕਿ ਅਸੀਂ ਇਨ੍ਹਾਂ ਗੱਲਾਂ ਵੱਲ ਧਿਆਨ ਦਈਏ ਤੇ ਨਿਰੋਲ ਨਾਮਧਾਰੀ ਜੀਵਨ ਨੂੰ ਮੁੜਮੁੜ ਅਪਣਾਈਏ।

**– ਸੰਪਾਦਕ**

**ਸਾਰਾਂਸ਼**

ਇਹ ਖੋਜ ਅਧਿਐਨ ਵਿੱਚ ਅਸੀਂ ਨਾਮਧਾਰੀਆਂ ਬਾਰੇ ਜਾਨਣ ਦੀ ਕੋਸ਼ਿਸ਼ ਕਰਾਂਗੇ। ਅੱਜ ਦੇ ਸਮੇਂ ਵਿਚ ਨਾਮਧਾਰੀ ਦੇਸ਼ ਦੇ ਹਰ ਹਿੱਸੇ ਵਿਚ ਰਹਿ ਰਹੇ ਹਨ ਅਤੇ ਪ੍ਰਸਥਿਤੀਆਂ ਅਨੁਸਾਰ ਨਵੇਂ ਕਿੱਤਿਆਂ ਨੂੰ ਅਪਣਾ ਰਹੇ ਹਨ ਪਰ ਅਸੀਂ ਇਸ ਖੋਜ ਅਧਿਐਨ ਵਿਚ ਪੰਜਾਬ, ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਰਹਿਣ ਵਾਲੇ ਨਾਮਧਾਰੀਆਂ ਬਾਰੇ ਜਾਨਣ ਦੀ ਕੋਸ਼ਿਸ਼ ਕੀਤੀ ਹੈ। ਇਸ ਵਿਗਿਆਨ ਅਧਿਐਨ ਦਾ ਮੁੱਖ ਉਦੇਸ਼ ਇਹ ਹੈ ਕਿ ਇਹ ਨਾਮਧਾਰੀ ਲਹਿਰ ਸ਼ੁੱਧਤਾ ਦੀ ਲਹਿਰ ਸੀ ਜਿਸ ਦਾ ਅਸਲੀ ਮਕਸਦ ਸਿੱਖ ਪਰੰਪਰਾ ਦੀ ਸ਼ੁੱਧਤਾ ਨੂੰ ਸਥਾਪਿਤ ਰੱਖਣਾ ਸੀ, ਪਰ ਕੁਝ ਇਤਿਹਾਸਕ ਕਾਰਨਾਂ ਕਰਕੇ ਇਸ ਨੇ ਸਮਾਜਿਕ, ਧਾਰਮਿਕ ਲਹਿਰ ਤੋਂ ਸਿਆਸੀ ਰੂਪ ਅਖ਼ਤਿਆਰ ਕਰ ਲਿਆ ਸੀ ਜਿਸ ਬਾਰੇ ਜਾਨਣ ਦੀ ਕੋਸ਼ਿਸ਼ ਕੀਤੀ ਗਈ ਹੈ। ਜਿਹੜੇ ਲੋਕ ਨਾਮਧਾਰੀਆਂ ਬਾਰੇ ਨਹੀਂ ਜਾਣਦੇ, ਉਨ੍ਹਾਂ ਲਈ ਇਹ ਜਾਣਕਾਰੀ ਬਹੁਤ ਹੀ ਅਹਿਮੀਅਤ ਰੱਖਦੀ ਹੈ। ਇਸ ਖੋਜ ਅਧਿਐਨ ਦਾ ਮੁੱਖ ਉਦੇਸ਼ ਨਾਮਧਾਰੀਆਂ ਦੀ ਪੰਜਾਬ ਵਿਚ ਗਿਣਤੀ ਅਤੇ ਉਹ ਕਿੱਥੇ-ਕਿੱਥੇ ਅਤੇ ਕਿਸ ਬਰਾਦਰੀ ਵਿਚ ਹਨ। ਨਾਮਧਾਰੀ ਸੰਪਰਦਾ ਦੇ ਰੀਤੀ-ਰਿਵਾਜ਼, ਨਾਮਧਾਰੀ ਸੰਪਰਦਾ ਦੀਆਂ ਸਿੱਖਿਆਵਾਂ ਅਤੇ ਉਨ੍ਹਾਂ ਉੱਪਰ ਕੀਤੇ ਜਾ ਰਹੇ ਅਮਲਾ ਬਾਰੇ ਜਾਣਕਾਰੀ ਪ੍ਰਾਪਤ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ ਅਤੇ ਇਸ ਖੋਜ ਅਧਿਐਨ ਵਿਚ ਨਾਮਧਾਰੀ ਸੰਪਰਦਾ ਦੇ ਰਹਿਣ-ਸਹਿਣ ਵਿਚ ਆ ਰਹੇ ਪਰਿਵਰਤਨਾਂ ਬਾਰੇ ਜਾਨਣ ਦੀ ਕੋਸ਼ਿਸ਼ ਕਰਾਂਗੇ।

**ਜਾਣ-ਪਛਾਣ :**

ਧਰਮ ਸਭਿਆਚਾਰ ਦਾ ਇਕ ਅੰਗ ਹੈ। ਸਮਾਜਿਕ ਜੀਵਨ ਵਿਚ ਧਰਮ ਦੀ ਮਹੱਤਤਾ ਪੁਰਾਤਨ ਕਾਲ ਤੋਂ ਚਲਦੀ ਆ ਰਹੀ ਹੈ। ਬੱਚੇ ਦਾ ਜਨਮ ਨਾਮਕਰਣ, ਵਿਆਹ ਅਤੇ ਹੋਰ ਸਭ ਰਸਮਾਂ ਦੁਆਰਾ ਦਰਸਾਏ ਨਿਯਮਾਂ ਅਨੁਸਾਰ ਹੀ ਹੁੰਦੀਆਂ ਹਨ। ਧਰਮ ਤੋਂ ਹੀ ਬੱਚਾ ਆਪਣੇ ਆਲੇ-ਦੁਆਲੇ ਵਿਚਰਨ ਸੰਬੰਧੀ ਕਦਰਾਂ-ਕੀਮਤਾਂ ਸਿੱਖਦਾ ਹੈ। ਮਾਰਕਸਵਾਦ ਦੇ ਅਨੁਸਾਰ ਸਮਾਜਿਕ ਜ਼ਿੰਦਗੀ ਦਾ ਆਧਾਰ ਆਰਥਿਕਤਾ ਹੈ। ਇਸ ਨਾਲ ਹੀ ਜੀਵ ਆਪਣੀ ਹੋਂਦ ਨੂੰ ਬਣਾਉਂਦਾ ਹੈ, ਪਰ ਅਧਿਆਤਮਵਾਦੀਆਂ ਦੇ ਵਿਚਾਰ ਅਨੁਸਾਰ ਇਕ ਆਦਰਸ਼ ਸਮਾਜ ਲਈ ਮਨੁੱਖ ਵਿਚ ਚੰਗੇ ਗੁਣਾਂ ਦਾ ਹੋਣਾ ਬਹੁਤ ਜ਼ਰੂਰੀ ਹੈ। ਧਰਮ ਤੋਂ ਹੀ ਮਨੁੱਖ ਜ਼ਿੰਦਗੀ ਜਿਊਣਾ ਸਿੱਖਦਾ ਹੈ। ਧਰਮ ਇਕ ਵਿਸ਼ਵਾਸ ਤੇ ਸ਼ਰਧਾ ਦਾ ਨਾਮ ਹੈ। ਧਾਰਮਿਕ ਵਿਸ਼ਵਾਸ, ਪਰੰਪਰਾਵਾਂ, ਸੰਸਕਾਰ ਆਦਿ ਵਿਅਕਤੀ ਦੇ ਦਿਲ ਤੇ ਦਿਮਾਗ 'ਤੇ ਛਾਏ ਰਹਿੰਦੇ ਹਨ, ਇਸ ਦਾ ਸਿੱਟਾ ਇਹ ਨਿਕਲਦਾ ਹੈ ਕਿ ਇਕ ਵਿਅਕਤੀ ਸਮੂਹ ਵਿਚ ਆਪਣੇ ਵਿਹਾਰ ਨੂੰ ਧਾਰਮਿਕ ਕਦਰਾਂ-ਕੀਮਤਾਂ ਅਨੁਸਾਰ ਨਿਯੰਤਰਿਤ ਕਰਦਾ ਹੈ। ਵਿਅਕਤੀ ਦਾ ਇਹ ਵਿਸ਼ਵਾਸ ਹੈ ਕਿ ਇਕ ਅਜਿਹੀ ਅਲੌਕਿਕ ਸ਼ਕਤੀ ਹੈ ਜੋ ਸੰਸਾਰ ਨੂੰ ਚਲਾ ਰਹੀ ਹੈ ਜਿਸ ਨੂੰ ਪਰਮਾਤਮਾ, ਖੁਦਾ, ਅੱਲਾ, ਗਾਡ ਆਦਿ ਦੇ ਨਾਂ ਦਿੱਤੇ ਗਏ ਹਨ। ਹਰ ਧਰਮ ਦੀਆਂ ਆਪਣੀਆਂ ਰਸਮਾਂ ਹਨ ਅਤੇ ਹਰ ਇਨਸਾਨ ਉਸੇ ਅਨੁਸਾਰ ਆਪਣਾ ਜੀਵਨ ਜਿਉਂਦਾ ਆਇਆ ਹੈ ਪਰ ਅੱਜ ਦੇ ਸਮੇਂ ਵਿਚ ਧਰਮ ਦਾ ਸਥਾਨ ਤਰਕ ਤੇ ਵਿਗਿਆਨ ਹਿਣ ਕਰਦਾ ਜਾ ਰਿਹਾ ਹੈ। ਧਰਮ ਵਿਚ ਤਰਕ ਦਾ ਕੋਈ ਸਥਾਨ ਨਹੀਂ ਹੁੰਦਾ। ਧਰਮ ਤਾਂ ਇਹ ਕਹਿੰਦਾ ਹੈ ਕਿ ਬਿਨਾਂ ਕਿਸੇ ਸੰਕੋਚ ਦੇ ਧਰਮ ਜੋ ਕਹੇ ਉਸਨੂੰ ਸਵੀਕਾਰ ਕਰ ਲਉ।

**ਧਰਮ ਦਾ ਸ਼ਾਬਦਿਕ ਅਰਥ**

ਧਰਮ ਸ਼ਬਦ ਦੀ ਉਤਪਤੀ ਸੰਸਕ੍ਰਿਤੀ ਭਾਸ਼ਾ ਦੇ

ਸ਼ਬਦ 'ਧਾਂ ਤੋਂ ਹੋਈ ਹੈ ਜਿਸ ਦਾ ਅਰਥ ਹੈ ਧਾਰਨ ਕਰਨਾ ਜਾਂ ਸਹਾਰਾ ਦੇਣਾ, ਜਿਹੜਾ ਚੰਗਿਆਈ ਅਤੇ ਬੁਰਾਈ ਦੀ ਪਛਾਣ ਕਰਾਉਂਦਾ ਹੈ, ਉਹੀ ਧਰਮ ਹੈ। ਧਰਮ ਦੇ ਅਰਥ ਵਿਚ ਹੀ ਅਰਬੀ ਭਾਸ਼ਾ ਦਾ ਸ਼ਬਦ 'ਮਜ਼ਹਬ' ਵਰਤਿਆ ਜਾਂਦਾ ਹੈ। ਮੂਲ ਰੂਪ ਵਿਚ ਧਰਮ ਕੀਮਤਾਂ ਅਤੇ ਵਿਸ਼ਵਾਸਾਂ ਦਾ ਸਮੂਹ ਹੈ। ਧਰਮ ਦੇ ਪੰਜ ਅਰਥ ਮੰਨੇ ਜਾਂਦੇ ਹਨ- ਕਰਤੱਵ, ਅਧਿਕਾਰ, ਮੁਹਬੀ, ਕਰਮ-ਕਾਂਡ, ਫ਼ਰਜ਼ ਅਤੇ ਕੁਦਰਤੀ ਨੇਮ।

**ਧਰਮ ਦੀ ਪਰਿਭਾਸ਼ਾ**

ਵੱਖ-ਵੱਖ ਵਿਦਵਾਨਾਂ ਨੇ ਧਰਮ ਬਾਰੇ ਵੱਖ-ਵੱਖ ਪਰਿਭਾਸ਼ਾਵਾਂ ਆਪਣੇ-ਆਪਣੇ ਦ੍ਰਿਸ਼ਟੀਕੋਣ ਅਨੁਸਾਰ ਦਿੱਤੀਆਂ ਹਨ। ਜਿਨ੍ਹਾਂ ਵਿਚ ਕੁਝ ਮਹੱਤਵਪੂਰਨ ਪਰਿਭਾਸ਼ਾਵਾਂ ਇਸ ਪ੍ਰਕਾਰ ਹਨ।

ਐਡਵਰਡ ਟਾਇਲਰ ਅਨੁਸਾਰ, "ਧਰਮ ਅਧਿਆਤਮਿਕ ਸ਼ਕਤੀ ਉੱਤੇ ਵਿਸ਼ਵਾਸ਼ ਹੈ।"

(ਐਡਵਰਡ ਬਰਨਟ ਟਾਇਲਰ, 1871)

ਫਰੇਜ਼ਰ ਅਨੁਸਾਰ, "ਧਰਮ ਤੋਂ ਮੇਰਾ ਮਤਲਬ ਮਨੁੱਖ ਦੀਆਂ ਉਨ੍ਹਾਂ ਸ਼ਟ ਸ਼ਕਤੀਆਂ ਦੀ ਸੰਤੁਸ਼ਟੀ ਜਾਂ ਅਰਾਧਨਾ ਕਰਨ ਤੋਂ ਹੈ ਜਿਨ੍ਹਾਂ ਵਿਚ ਵਿਅਕਤੀਆਂ ਦਾ ਵਿਸ਼ਵਾਸ ਹੈ ਕਿ ਇਹ ਪ੍ਰਕਿਰਤੀ ਅਤੇ ਮਾਨਵ ਜੀਵਨ ਨੂੰ ਨਿਯੰਤਰਣ ਕਰਦੀਆਂ ਹਨ ਅਤੇ ਆਦੇਸ਼ ਦਿੰਦੀਆਂ ਹਨ।"

(ਜੇਮਜ਼ ਜੋਰਜ ਫਰੇਜ਼ਿਰ, 1890)

**ਭਾਰਤ ਵਿਚ ਧਰਮ**

ਭਾਰਤ ਵਿਚ ਵੱਖ-ਵੱਖ ਧਰਮਾਂ ਦੇ ਲੋਕ ਰਹਿੰਦੇ ਹਨ। ਹਰ ਇਕ ਨੂੰ ਆਪਣੀ ਮਰਜ਼ੀ ਅਨੁਸਾਰ ਕਿਸੇ ਵੀ ਧਰਮ ਨੂੰ ਅਪਣਾਉਣ ਦੀ ਪੂਰੀ ਖੁੱਲ੍ਹ ਦਿੱਤੀ ਗਈ ਹੈ। ਸਿੱਖ ਧਰਮ ਦੁਨੀਆਂ ਦਾ ਸਭ ਤੋਂ ਨਵੀਨਤਮ ਧਰਮ ਮੰਨਿਆ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਦੇ ਧਰਮ ਦਾ ਆਗਾਜ਼ ਪੰਜਾਬ ਦੀ ਧਰਤੀ ਤੇ ਹੋਇਆ ਤਾਂ ਸਮਕਾਲੀ ਸਥਿਤੀਆਂ ਧਰਮ ਦੀ ਧਾਰਾ ਦੇ ਉਲਟ ਵਹਿ ਰਹੀਆਂ ਸਨ। ਇਸ ਧਰਮ ਨੂੰ ਗੁਰੂ ਨਾਨਕ ਪਾਤਸ਼ਾਹ ਤੋਂ ਲੈ ਕੇ ਗੁਰੂ ਸਾਹਿਬਾਨਾਂ ਨੇ ਬੀਜਿਆ, ਸਿੰਜਿਆ ਅਤੇ ਵੱਡਾ ਕੀਤਾ। ਗੁਰੂ ਸਾਹਿਬਾਨਾਂ ਵੱਲੋਂ ਸਿਰਜੇ ਨਵੇਂ ਸਿੱਖ ਸਮਾਜ ਨੇ ਸਮਾਜਿਕ, ਰਾਜਨੀਤਕ, ਸਭਿਆਚਾਰਕ ਅਤੇ ਅਧਿਆਤਮਿਕ ਸਭ ਪੱਖਾਂ ਤੋਂ ਤਰੱਕੀ ਕੀਤੀ। ਅੰਮ੍ਰਿਤ ਛੱਕ ਕੇ ਸਿੰਘ ਸਜ ਜਾਣ ਨਾਲ ਇਹ ਸਮਾਜ ਨਾਮ, ਗੁਣਾਂ ਅਤੇ ਅਸਲਾਂ ਸਦਕਾ ਸਾਰੇ ਪੱਖਾਂ ਤੋਂ ਨਵੀਨ ਸੀ। ਸਿੱਖੀ ਰਹਿਣੀ-ਬਹਿਣੀ ਸਭ ਤੋਂ ਵੱਖਰੀ ਤੇ ਨਿਆਰੀ ਸੀ।

**ਲਹਿਰ**

ਕਿਸੇ ਬਦਲਾਵ ਲਈ ਜਾਂ ਕਿਸੇ ਉਦੇਸ਼ ਦੀ ਪ੍ਰਾਪਤੀ ਲਈ ਜਦੋਂ ਕੋਈ ਮੁਹਿੰਮ ਚਲਾਈ ਜਾਂਦੀ ਹੈ ਤਾਂ ਉਸਨੂੰ ਲਹਿਰ ਕਿਹਾ ਜਾਂਦਾ ਹੈ। ਇਹ ਸ਼ਾਂਤਮਈ ਅਤੇ ਹਿੰਸਕ ਦੋਵੇਂ ਤਰ੍ਹਾਂ ਦੀਆਂ ਹੋ ਸਕਦੀ ਹੈ। ਕਈ ਵਾਰ ਕੁਝ ਵਿਚਾਰਧਾਰਾਵਾਂ ਆਪਣੀ ਹੋਂਦ ਨੂੰ ਬਣਾਈ ਰੱਖਣ ਦੇ ਲਈ ਯਤਨ ਕਰਦੀਆਂ ਹਨ ਤਾਂ ਲਹਿਰਾਂ ਦਾ ਜਨਮ ਹੁੰਦਾ ਹੈ। ਨਾਮਧਾਰੀ ਲਹਿਰ, ਅਕਾਲੀ ਲਹਿਰ ਅਤੇ ਸਮਾਜ ਲਹਿਰਾਂ ਇਸ ਦੀਆਂ ਹੀ ਮਿਸਾਲਾਂ ਹਨ। ਨਾਮਧਾਰੀ ਲਹਿਰ ਰਾਜਸੀ ਲਹਿਰ ਦੇ ਨਾਲ-ਨਾਲ ਇਕੇ ਧਾਰਮਿਕ, ਸ਼ੁੱਧੀਕਰਣ ਅਤੇ ਆਜ਼ਾਦੀ ਦੀ ਲਹਿਰ ਵੀ ਸੀ ਜਿਸ ਬਾਰੇ ਅੱਗੇ ਅਸੀਂ ਵਿਸਥਾਰ ਵਿਚ ਦੱਸਾਂਗੇ।

**ਨਾਮਧਾਰੀ ਲਹਿਰ ਦੇ ਉਦੈ ਹੋਣ ਦੇ ਕਾਰਨ**

ਜਦੋਂ ਵੀ ਕਦੇ ਸਮਾਜ ਵਿਚ ਉਤਰਾਅ-ਚੜ੍ਹਾਅ ਆਉਂਦਾ ਹੈ ਤਾਂ ਸਮਾਜ ਨੂੰ ਸਹੀ ਸੇਧ ਦੇਣ ਲਈ ਕੋਈ ਨਾ ਕੋਈ ਵਿਅਕਤੀ ਅੱਗੇ ਆਉਂਦਾ ਹੈ। ਫਿਰ ਉਸਦੇ ਨਾਲ ਹੋਰ ਕਈ ਲੋਕ ਜੁੜਦੇ ਜਾਂਦੇ ਹਨ ਅਤੇ ਇਹ ਲੋਕਾਂ ਦਾ ਇਕੱਠ ਇਕ ਲਹਿਰ ਦਾ ਰੂਪ ਧਾਰ ਲੈਂਦਾ ਹੈ। ਜਿਸ ਪ੍ਰਕਾਰ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਸਰਦਾਰਾਂ ਵੱਲੋਂ ਰਾਜ ਨੂੰ ਪ੍ਰਾਪਤ ਕਰਨ ਲਈ ਕੀਤੀ ਗਈ ਬੇਈਮਾਨੀ, ਗੁਰਸਿੱਖੀ ਮਰਯਾਦਾ ਦੇ ਉਲਟ ਉਨ੍ਹਾਂ ਦਾ ਭੋਗ ਵਿਲਾਸ ਭਰਿਆ ਜੀਵਨ, ਰਹਿਣ-ਸਹਿਣ, ਖਾਣ-ਪੀਣ, ਹਰ ਚੀਜ਼ ਵਿਚ ਗਿਰਾਵਟ ਆ ਗਈ ਸੀ। ਗੁਰੂ ਨਾਨਕ ਦੇਵ ਜੀ ਤੇ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਬਣਾਈ ਸਿੱਖੀ ਖ਼ਤਮ ਹੋ ਰਹੀ ਸੀ। ਉਸ ਸਮੇਂ ਸਮਾਜ ਨੂੰ ਅਜਿਹੇ ਸੱਚੇ ਸੁੱਚੇ ਇਮਾਨਦਾਰ ਦੇਸ਼ ਭਗਤ ਦੀ ਲੋੜ ਸੀ ਜੋ ਸਮਾਜ ਨੂੰ ਇਕ ਸਹੀ ਸੇਧ ਦੇ ਕੇ ਬੁਰਾਈਆਂ ਵਿਚੋਂ ਬਾਹਰ ਕੱਢ ਸਕੇ। ਉਸ ਸਮੇਂ ਸਤਿਗੁਰੂ ਰਾਮ ਸਿੰਘ ਜੀ ਜੋ ਕਿ ਮਹਾਰਾਜਾ ਰਣਜੀਤ ਸਿੰਘ ਜੀ ਦੀ ਫ਼ੌਜ ਵਿਚ ਭਰਤੀ ਸਨ ਤਾਂ ਉਹ ਸਭ ਕੁਝ ਦੇਖ ਰਹੇ ਸਨ। ਉਨ੍ਹਾਂ ਨੇ ਉਸ ਸਮੇਂ ਸਮਾਜ ਨੂੰ ਸਹੀ ਚਲਾਉਣ ਲਈ ਜ਼ਿੰਮੇਵਾਰੀ ਚੁੱਕੀ ਅਤੇ ਉਨ੍ਹਾਂ ਦੀ ਇਸ ਜ਼ਿੰਮੇਵਾਰੀ ਵਿਚ ਬਹੁਤ ਸਾਰੇ ਸਿੰਘਾਂ ਨੇ ਯੋਗਦਾਨ ਦਿੱਤਾ ਜੋ ਪਹਿਲਾਂ ਨਾਮਧਾਰੀ ਨਹੀਂ ਵੀ ਸਨ ਉਹ ਉਨ੍ਹਾਂ ਦੇ ਸੰਪਰਕ ਵਿਚ ਆ ਕੇ ਨਾਮਧਾਰੀ ਬਣ ਗਏ ਅਤੇ ਇਸ ਏਕਤਾ ਵਾਲੇ ਇਕੱਠ ਨੂੰ ਨਾਮਧਾਰੀ ਲਹਿਰ ਦਾ ਨਾਮ ਦਿੱਤਾ ਗਿਆ। ਇਹ ਇਕ ਅਜਿਹੀ ਲਹਿਰ ਸੀ ਜਿਸਦਾ ਅਸਲ ਨਿਸ਼ਾਨਾ ਪੰਜਾਬ ਨੂੰ ਅੰਗਰੇਜ਼ਾਂ ਦੀ ਗੁਲਾਮੀ ਤੋਂ

ਆਜ਼ਾਦ ਕਰਾਉਣਾ ਸੀ ਤਾਂ ਜੋ ਹਰ ਇਕ ਵਿਅਕਤੀ ਜੋ ਇਸ ਧਰਤੀ 'ਤੇ ਆਇਆ ਹੈ, ਉਹ ਆਪਣੀ ਮਰਜ਼ੀ ਨਾਲ ਆਜ਼ਾਦ ਘੁੰਮ ਸਕੇ।

ਹੌਲੀ-ਹੌਲੀ ਇਸ ਪ੍ਰਕਾਰ ਨਾਮਧਾਰੀਆਂ ਦੀ ਗਿਣਤੀ ਹਜ਼ਾਰਾਂ ਤੋਂ ਲੱਖਾਂ ਵਿਚ ਹੋ ਗਈ ਅਤੇ ਉਨ੍ਹਾਂ ਦੀ ਆਪਣੀ ਇਕ ਸੰਪਰਦਾ ਬਣ ਗਈ। ਸੰਪਰਦਾ ਤੋਂ ਭਾਵ ਇਹ ਹੈ ਕਿ ਜਿਸ ਵਿਚ ਰਹਿਣ ਵਾਲੇ ਸਾਰੇ ਵਿਅਕਤੀ ਇਕ ਹੀ ਗੁਰੂ ਨੂੰ ਮੰਨਦੇ ਹੋਣ ਅਤੇ ਸਾਰੇ ਉਨ੍ਹਾਂ ਦੇ ਹੁਕਮ ਦੀ ਪਾਲਣਾ ਕਰਦੇ ਹੋਣ। ਨਾਮਧਾਰੀ ਆਪਣੇ ਆਪ ਨੂੰ ਸਿੱਖ ਸੰਪਰਦਾ ਦਾ ਹੀ ਇਕ ਭਾਗ ਮੰਨਦੇ ਹਨ। ਪਰ ਇਨ੍ਹਾਂ ਵਿਚ ਬਹੁਤ ਵੱਡਾ ਫ਼ਰਕ ਇਹ ਹੈ ਕਿ ਨਾਮਧਾਰੀ 12 ਪਾਤਸ਼ਾਹੀਆਂ ਦੀ ਅਰਦਾਸ ਕਰਦੇ ਹਨ ਅਤੇ ਦੇਹਧਾਰੀ ਗੁਰੂ ਨੂੰ ਮੰਨਦੇ ਹਨ। ਪਰ ਸਿੱਖ ਦਸਾਂ ਪਾਤਸ਼ਾਹੀਆਂ ਦੀ ਅਰਦਾਸ ਕਰਦੇ ਹਨ ਅਤੇ ਆਪਣੇ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਨ। ਨਾਮਧਾਰੀ ਸੰਪਰਦਾ ਵਿਚ ਸ਼ੁੱਧਤਾ ਬਹੁਤ ਜ਼ਿਆਦਾ ਪਾਈ ਜਾਂਦੀ ਹੈ ਅਤੇ ਕਿਸੇ ਗੈਰ ਨਾਮਧਾਰੀ ਦੇ ਹੱਥ ਦਾ ਬਣਿਆ ਪਰਸ਼ਾਦਾ ਵੀ ਨਹੀਂ ਛਕਦੇ।

**ਸੰਪਰਦਾ**

ਸੰਪਰਦਾ ਤੋਂ ਭਾਵ ਇੱਥੇ ਇਸ ਲਹਿਰ ਦੇ ਸੰਸਥਾਗਤ ਰੂਪ ਧਾਰਨ ਤੋਂ ਹੈ। ਆਮ ਤੌਰ 'ਤੇ ਧਾਰਮਿਕ ਸਮਾਜਿਕ ਲਹਿਰਾਂ ਕੁਝ ਸਮੇਂ ਬਾਅਦ ਸੰਸਥਾਈ ਰੂਪ ਧਾਰ ਲੈਂਦੀਆਂ ਹਨ ਅਤੇ ਜਿਸਨੂੰ ਪੰਜਾਬੀ ਵਿਚ ਫਿਰਕਾ ਕਿਹਾ ਜਾਂਦਾ ਹੈ (ਭਾਵੇਂ ਕਿ ਤਰਜ਼ਮਾ ਪੂਰੀ ਤਰ੍ਹਾਂ ਠੀਕ ਨਹੀਂ ਹੈ। ਫਿਰਕਾ ਬਣ ਜਾਂਦੀਆਂ ਹਨ। ਮੌਜੂਦਾ ਪ੍ਰਸੰਗ ਵਿਚ ਨਾਮਧਾਰੀ ਲਹਿਰ ਦੀ ਇਸ ਤਰ੍ਹਾਂ ਸੰਸਥਾਈ ਰੂਪ ਧਾਰਨ ਕਰਨ ਜਾਂ ਫਿਰਕਾ ਬਨਣ ਨੂੰ ਜਿਸਨੂੰ ਕੀ ਇੱਥੇ ਸੰਪਰਦਾ ਕਿਹਾ ਜਾ ਰਿਹਾ ਹੈ, ਦੀ ਕਿਰਿਆ ਦਾ ਅਧਿਐਨ ਕੀਤਾ ਗਿਆ ਹੈ।

**ਦੇਸ਼ ਦੀ ਆਜ਼ਾਦੀ ਵਿਚ ਨਾਮਧਾਰੀਆਂ ਦਾ ਯੋਗਦਾਨ (1857 ਤੋਂ 1947)**

ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਪੰਜਾਬ ਵਿਚ ਈਸਾਈਆ ਦੀ ਚੜ੍ਹ ਮੱਚਣ ਕਾਰਨ ਉਨ੍ਹਾਂ ਹਰ ਪਾਸੇ ਭਾਰਤੀ ਧਰਮਾਂ ਵਿਰੁੱਧ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ ਸੀ। ਸਤਿਗੁਰੂ ਰਾਮ ਸਿੰਘ ਜੀ ਨੇ 12 ਅਪ੍ਰੈਲ, 1857 ਨੂੰ ਵਿਸਾਖੀ ਵਾਲੇ ਦਿਨ ਸ੍ਰੀ ਭੈਣੀ ਸਾਹਿਬ ਵਿਖੇ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ 'ਸੰਤ ਖ਼ਾਲਸੇ' ਦੀ ਸਿਰਜਣਾ ਕੀਤੀ ਅੰਗਰੇਜ਼ੀ ਸਰਕਾਰ ਨਾਲ ਨਾ-ਮਿਲਵਰਤਨ ਦੀ ਲਹਿਰ ਚਲਾਈ। ਆਪਣੇ ਪੈਰੋਕਾਰਾਂ ਨੂੰ ਸੰਦੇਸ਼ ਦਿੱਤਾ ਕਿ ਅੰਗਰੇਜ਼ੀ ਅਦਾਲਤਾਂ, ਅੰਗਰੇਜ਼ੀ ਸਕੂਲਾਂ, ਵਿਦੇਸ਼ੀ ਸਮਾਨ, ਅੰਗਰੇਜ਼ੀ ਰੇਲ, ਡਾਕ-ਤਾਰ ਸਭ ਦਾ ਬਾਈਕਾਟ ਕੀਤਾ ਜਾਵੇ ਤੇ ਇਸ ਦੀ ਥਾਂ ਤੇ ਪੰਚਾਇਤਾਂ ਦੀ ਸਥਾਪਨਾ, ਧਰਮਸ਼ਾਲਾਵਾਂ ਵਿਚ ਬੱਚਿਆਂ ਨੂੰ ਸਿੱਖਿਆ, ਆਪਣੇ ਆਵਾਜਾਈ ਦੇ ਸਾਧਨ, ਆਪਣੇ ਡਾਕ ਪ੍ਰਬੰਧ ਦੀ ਵਰਤੋਂ 'ਤੇ ਜ਼ੋਰ ਦਿੱਤਾ। ਸ੍ਰੀ ਸਤਿਗੁਰੂ ਜੀ ਨੇ ਥਾਂ-ਥਾਂ 'ਤੇ ਜਾ ਕੇ ਆਦਿ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਤਲਾਸ਼ ਕਰਕੇ, ਉਨ੍ਹਾਂ ਨੂੰ ਅਲਮਾਰੀਆਂ ਵਿਚੋਂ ਕਢਵਾ ਕੇ, ਮਿੱਟੀ-ਘੱਟਾ ਝਾੜ ਕੇ, ਸਾਫ਼ ਕਰਕੇ ਪ੍ਰਕਾਸ਼ ਕਰਕੇ ਸਿੱਖਾਂ ਨੂੰ ਪਾਠ ਕਰਨ ਲਾਇਆ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਸ੍ਰੀ ਦਸਮ ਪਾਤਸ਼ਾਹ ਜੀ ਦੀ ਲੰਗਰ ਦੀ ਮਰਿਯਾਦਾ ਨੂੰ ਸ੍ਰੀ ਹਜ਼ੂਰ ਸਾਹਿਬ ਤੋਂ, ਭਾਈ ਰਾਇ ਸਿੰਘ ਜੀ ਨੂੰ ਭੇਜ ਕੇ ਮੰਗਵਾਇਆ। ਸੀ ਸਤਿਗੁਰੂ ਜੀ ਨੇ ਹਵਨ ਕਰਨ ਦੀ ਮਹਾਨਤਾ ਵੀ ਦਰਸਾਈ। ਇਸ ਸਾਰੇ ਕੁਝ ਨੂੰ ਨਾਮਧਾਰੀਆਂ ਨੇ ਇਕ ਲਹਿਰ ਦਾ ਰੂਪ ਦੇ ਦਿੱਤਾ। ਇਸ ਲਹਿਰ ਨੂੰ ਸੁਚਾਰੂ ਰੂਪ ਵਿਚ ਚਲਾਉਣ ਲਈ ਬਾਬਾ ਰਾਮ ਸਿੰਘ ਜੀ ਨੇ ਸਾਰੇ ਪੰਜਾਬ ਨੂੰ 22 ਸੂਬਿਆਂ ਵਿਚ ਵੰਡ ਕੇ ਸੂਬੇ ਥਾਪ ਦਿੱਤਾ ਜੋ ਸੰਗਤ ਦੀ ਅਗਵਾਈ ਕਰਦੇ ਸਨ। 1863 ਵਿਚ ਅੰਗਰੇਜ਼ਾਂ ਨੇ ਬਾਬਾ ਰਾਮ ਸਿੰਘ ਦਾ ਭੈਣੀ ਸਾਹਿਬ ਤੋਂ ਬਾਹਰ ਜਾਣਾ ਬੰਦ ਕਰ ਦਿੱਤਾ। ਇਸ ਨਾਲ ਨਾਮਧਾਰੀ ਸਿੱਖਾਂ ਦਾ ਮਨੋਬਲ ਹੋਰ ਵੀ ਵੱਧ ਗਿਆ ਤੇ ਹੋਰ ਲੋਕ ਵੀ ਇਸ ਨੂੰ ਗਲਤ ਸਮਝਣ ਲੱਗੇ। ਇਸ ਕਰਕੇ 1867 ਈ. ਨੂੰ ਅੰਗਰੇਜ਼ਾਂ ਨੂੰ ਇਹ ਪਾਬੰਦੀ ਖ਼ਤਮ ਕਰਨੀ ਪਈ। 1871 ਈ. ਵਿਚ ਗਊਆਂ ਦੀ ਹਤਿਆ ਰੋਕਣ ਲਈ ਨਾਮਧਾਰੀਆਂ ਨੇ ਅੰਮ੍ਰਿਤਸਰ ਅਤੇ ਰਾਏਕੋਟ ਦੇ ਕੁਝ ਬੱਚੜ ਜਾਨੋਂ ਮਾਰ ਦਿੱਤੇ। ਇਸ ਪਿੱਛੋਂ ਨਾਮਧਾਰੀਆਂ ਨੇ ਹਥਿਆਰਬੰਦ ਸੰਘਰਸ਼ ਕਰਨ ਲਈ ਮਲੌਦ ਤੇ ਮਲੇਰਕੋਟਲੇ ਤੋਂ ਹਥਿਆਰ ਪ੍ਰਾਪਤ ਕਰਨ ਲਈ ਹਮਲੇ ਕੀਤੇ। ਜਿਸ ਦੇ ਜੁਰਮ ਵਿਚ 66 ਨਾਮਧਾਰੀ ਤੋਪਾਂ ਦੇ ਗੋਲਿਆਂ ਨਾਲ ਉਡਾ ਦਿੱਤੇ ਗਏ। ਸਤਿਗੁਰੂ ਰਾਮ ਸਿੰਘ ਨੂੰ ਰੰਗੂਨ ਵਿਚ ਨਜ਼ਰਬੰਦ ਕਰ ਦਿੱਤਾ ਤੇ ਕੁਝ ਸੂਬਿਆਂ ਨੂੰ ਦੇਸ਼ ਨਿਕਾਲਾ ਦੇ ਦਿੱਤਾ ਗਿਆ। ਇਸ ਨਾਲ ਨਾਮਧਾਰੀ ਲਹਿਰ ਦਾ ਦੇਸ਼ ਦੀ ਆਜ਼ਾਦੀ ਪ੍ਰਾਪਤੀ ਦਾ ਸੰਘਰਸ਼ ਰਾਜਨੀਤਕ ਰੂਪ ਧਾਰਨ ਕਰ ਗਿਆ। ਸਤਿਗੁਰੂ ਰਾਮ ਸਿੰਘ ਨੇ ਚਿੱਠੀਆਂ (ਜਿਸਨੂੰ ਹੁਕਮਨਾਮੇ ਕਿਹਾ ਜਾਂਦਾ ਹੈ) ਰਾਹੀਂ ਆਪਣੇ ਸੇਵਕਾਂ ਨਾਲ ਅਤੇ ਵਿਦੇਸ਼ਾਂ ਜਿਵੇਂ ਨੇਪਾਲ, ਕਾਬਲ ਤੇ ਰੂਸ ਨਾਲ ਸੰਬੰਧ ਕਾਇਮ ਕਰ ਲਏ। ਇਸ ਕਰਕੇ ਨਾਮਧਾਰੀਆਂ ਦੀਆਂ ਹਰ ਪ੍ਰਕਾਰ ਦੀਆਂ ਗਤੀਵਿਧੀਆਂ

ਉੱਪਰ ਕਰੜੀ ਨਿਗਰਾਨੀ ਰੱਖੀ ਜਾਂਦੀ ਸੀ। ਸਰਕਾਰੀ ਰਿਪੋਰਟਾਂ ਵਿਚ ਬਾਬਾ ਰਾਮ ਸਿੰਘ ਨੂੰ ਅੰਗਰੇਜ਼ ਸਰਕਾਰ ਲਈ ਬਹੁਤ ਖ਼ਤਰਨਾਕ ਵਿਅਕਤੀ ਮੰਨਿਆ ਗਿਆ ਸੀ।

**ਇਤਿਹਾਸਕ ਵਿਕਾਸ**

ਜਿਵੇਂ ਸੰਸਾਰ ਦੀਆਂ ਸਭ ਧਾਰਮਿਕ ਅਤੇ ਭਾਈਚਾਰਕ ਲਹਿਰਾਂ ਸਮੇਂ ਦੇ ਪ੍ਰਭਾਵ ਨਾਲ ਹੌਲੀ-ਹੌਲੀ ਪਲਦੀਆਂ, ਫਲਦੀਆਂ ਹਨ ਅਤੇ ਕਿਸੇ ਇਕ ਖ਼ਾਸ ਤਾਰੀਖ਼ ਨੂੰ ਚਲਾਈਆਂ ਜਾਂ ਮਿੱਥੀਆਂ ਨਹੀਂ ਜਾ ਸਕਦੀਆਂ। ਇਸੇ ਤਰ੍ਹਾਂ ਜਗਿਆਸੀ, ਅਭਿਆਸੀ, ਨਾਮਧਾਰੀ ਜਾਂ ਕੂਕਾ ਲਹਿਰ ਦੇ ਕਾਇਮ ਹੋਣ ਦੀ ਵੀ ਕੋਈ ਇਕ ਖ਼ਾਸ ਤਿਥੀ ਨਹੀਂ ਦੱਸੀ ਜਾ ਸਕਦੀ। ਸਿੱਖ ਧਰਮ ਵਿਚ ਵੀ ਅਨੇਕਾਂ ਸੰਪਰਦਾਵਾਂ ਪੈਦਾ ਹੋਈਆਂ, ਜਿਨ੍ਹਾਂ ਨੇ ਆਪਣਾ ਅਹਿਮ ਯੋਗਦਾਨ ਇਸ ਧਰਮ ਦੇ ਵਿਕਾਸ ਵਿਚ ਪਾਇਆ। ਉਨ੍ਹਾਂ ਵਿਚ ਪ੍ਰਮੁੱਖ ਉਦਾਸੀ, ਨਿਰਮਲੇ, ਸੇਵਾ ਪੰਥੀ ਅਤੇ ਗਿਆਨੀ ਆਦਿ ਹੋਏ ਹਨ।

ਨਾਮਧਾਰੀ ਸੰਪਰਦਾ ਵਿਚ ਦੇਹਧਾਰੀ ਗੁਰੂ ਦੀ ਰੀਤ ਬਾਬਾ ਬਾਲਕ ਸਿੰਘ ਜੀ ਤੋਂ ਸ਼ੁਰੂ ਹੋਈ। ਬਾਬਾ ਬਾਲਕ ਸਿੰਘ ਜੀ ਜੋ ਛੋਟੀ ਉਮਰ ਤੋਂ ਹੀ ਭਗਤੀ ਬਿਰਤੀ ਵਾਲੇ ਸਨ ਅਤੇ ਸਾਰੀ ਆਉਣ ਵਾਲੀ ਸੰਗਤ ਨੂੰ ਨਾਮ ਬਾਣੀ ਦਾ ਅਭਿਆਸ ਕਰਵਾਇਆ ਕਰਦੇ ਸਨ ਅਤੇ ਜੋ ਵੀ ਉਨ੍ਹਾਂ ਕੋਲ ਜਾਂਦਾ ਉਸਨੂੰ ਗੁਰਮੰਤਰ ਦਿੱਤਾ ਜਾਂਦਾ ਸੀ। ਉਸ ਸਮੇਂ ਆਪ ਜੀ ਦੇ ਸ਼ਰਧਾਲੂ ਜਗਿਆਸੀ, ਅਭਿਆਸੀ ਕਰਕੇ ਪ੍ਰਸਿੱਧ ਹੋਏ ਜਿਨ੍ਹਾਂ ਦੇ ਆਧਾਰ 'ਤੇ ਮੌਜੂਦਾ ਨਾਮਧਾਰੀ ਫਿਰਕੇ ਦੀ ਉਸਾਰੀ ਖੜੀ ਹੈ। ਸਤਿਗੁਰੂ ਬਾਲਕ ਸਿੰਘ ਜੀ ਦਾ ਕਾਰਜ ਖੇਤਰ ਪੰਜਾਬ ਦਾ ਪੱਛਮੀ ਭਾਗ ਅਰਥਾਤ ਪੋਠੋਹਾਰ ਸੀ। ਸਤਿਗੁਰੂ ਬਾਲਕ ਸਿੰਘ ਜੀ ਨੇ ਆਪਣੇ ਆਪ ਨੂੰ ਗੁਪਤ ਰੱਖ ਕੇ ਸਿੱਖੀ ਦਾ ਸ਼ੁੱਧ ਰੂਪ ਸਾਂਭਿਆ ਅਤੇ ਆਪਣੇ ਆਪ ਨੂੰ ਜ਼ਿਲ੍ਹਾ ਅਟਕ ਵਿਚ ਹਜ਼ਰੋ ਸਾਹਿਬ ਤੱਕ ਹੀ ਸੀਮਿਤ ਰੱਖਿਆ। ਜਦੋਂ ਸਤਿਗੁਰੂ ਰਾਮ ਸਿੰਘ ਜੀ ਖ਼ਾਲਸਾ ਫ਼ੌਜ ਵਿਚ ਸਨ ਤਾਂ ਉਸ ਸਮੇਂ 1841 ਈ. ਵਿਚ ਸਤਿਗੁਰੂ ਰਾਮ ਸਿੰਘ ਜੀ ਨੂੰ ਆਪਣੀ ਸੈਨਾ ਸਮੇਤ ਕਿਸੇ ਰਾਜਸੀ ਕੰਮ ਕਰਕੇ ਲਾਹੌਰ ਤੋਂ ਅਟਕ ਵੱਲ ਜਾਣਾ ਪਿਆ ਜਿੱਥੇ ਆਪਦੀ ਮੁਲਾਕਾਤ ਸਤਿਗੁਰੂ ਬਾਲਕ ਸਿੰਘ ਜੀ ਨਾਲ ਹੋਈ ਅਤੇ ਉਸ ਸਮੇਂ ਸਤਿਗੁਰੂ ਬਾਲਕ ਸਿੰਘ ਜੀ ਨੇ ਥਾਲ ਵਿਚ ਪੰਜ ਪੈਸੇ ਅਤੇ ਨਾਰੀਅਲ ਰੱਖ ਕੇ ਗੁਰਗੱਦੀ ਬਖ਼ਸ਼ ਦਿੱਤੀ ਅਤੇ ਬਚਨ ਕੀਤਾ, ਠਾਕੁਰ ਜੀ, ਇਹ ਤੁਹਾਡੀ ਅਮਾਨਤ ਹੈ, ਆਪਣੀ ਅਮਾਨਤ ਹੁਣ ਆਪ ਸਾਂਭੋ ਆਪਣੀ ਸਿੱਖ ਫੁਲਵਾੜੀ ਨੂੰ ਹਰਾ-ਭਰਾ ਰੱਖਣ ਲਈ ਆਪ ਵੀ ਨਾਮ ਬਾਣੀ ਦਾ ਅਭਿਆਸ ਕਰੋ ਅਤੇ ਸਾਰੀ ਸੰਗਤ ਨੂੰ ਵੀ ਕਰਵਾਓ। ਇਸੇ ਪ੍ਰਕਾਰ ਸਤਿਗੁਰੂ ਰਾਮ ਸਿੰਘ ਜੀ ਨੇ ਨਾਮ ਅਭਿਆਸ ਸ਼ੁਰੂ ਕੀਤਾ ਅਤੇ ਬਹੁਤ ਸਾਰੇ ਲੋਕ ਆਪ ਨਾਲ ਜੁੜਦੇ ਗਏ। ਆਪ ਪਿੰਡਾਂ ਵਿਚ ਜਾ ਕੇ ਸਿੱਖੀ ਦਾ ਪ੍ਰਚਾਰ ਕਰਦੇ ਸੀ। ਪਹਿਲਾਂ ਬਹੁ-ਗਿਣਤੀ ਕਿਰਤੀ ਕਿਸਾਨ ਭਾਈਚਾਰੇ ਦੀ ਸੀ ਪਰ ਇਸ ਸਮੇਂ ਦੁਕਾਨਦਾਰ, ਵਿਉਪਾਰੀ ਅਤੇ ਸਨਅਤਕਾਰ, ਪੰਜਾਬ ਦੇ ਖੱਤਰੀ, ਮਜ਼ਬੀ ਅਤੇ ਅਰੋੜਾ ਵੰਸ਼ਾਂ ਵਿਚੋਂ ਬਹੁਗਿਣਤੀ ਵਿਚ ਆਏ। ਇਨ੍ਹਾਂ ਵਿਚੋਂ ਕੁਝ ਕੁ ਰਾਮਗੜ੍ਹੀਆਂ ਪਰਿਵਾਰਾਂ ਵਿਚੋਂ ਵੀ ਸਨ। ਪੰਜਾਬ ਦੇ ਬਟਵਾਰੇ ਨੇ ਨਾਮਧਾਰੀਆਂ ਨੂੰ ਵੀ ਨਵੇਂ ਅਸਥਾਨਾਂ 'ਤੇ ਵਸਣ ਲਈ ਮਜ਼ਬੂਰ ਕੀਤਾ। ਇਹ ਨਵੇਂ ਅਸਥਾਨ ਦਿੱਲੀ, ਕਾਨਪੁਰ, ਮੰਡੀ, ਯਮੁਨਾਨਗਰ ਅਤੇ ਜੀਵਨ ਨਗਰ ਆਦਿ ਹਨ। ਇਨ੍ਹਾਂ ਕਸਬਿਆਂ ਵਿਚ ਪੀੜ੍ਹੀ-ਦਰ-ਪੀੜ੍ਹੀ ਚਲੇ ਆ ਰਹੇ ਪਰਿਵਾਰਕ ਕਿੱਤੇ ਨੂੰ ਅਪਣਾਈ ਰੱਖਣਾ ਲਗਭਗ ਅਸੰਭਵ ਸੀ। ਉਸ ਸਮੇਂ ਦੀਆਂ ਪ੍ਰਸਥਿਤੀਆਂ ਅਨੁਸਾਰ ਨਵੇਂ ਕਿੱਤਿਆਂ ਨੂੰ ਅਪਣਾਉਣਾ ਜ਼ਰੂਰੀ ਹੋ ਗਿਆ ਸੀ।

ਅੱਜ ਦੇ ਸਮੇਂ ਵਿਚ ਦੇਸ਼ ਦੇ ਹਰ ਹਿੱਸੇ ਵਿਚ ਨਾਮਧਾਰੀ ਰਹਿ ਰਹੇ ਹਨ ਅਤੇ ਪ੍ਰਸਥਿਤੀਆਂ ਅਨੁਸਾਰ ਨਵੇਂ ਕਿੱਤਿਆਂ ਨੂੰ ਅਪਨਾ ਰਹੇ ਹਨ। ਨਾਮਧਾਰੀਆਂ ਦੀ ਗਿਣਤੀ ਦਾ ਕੋਈ ਵੀ ਪੱਕਾ ਰਿਕਾਰਡ ਨਹੀਂ ਹੈ। ਪੰਜਾਬ ਦੇ ਹਰ ਜ਼ਿਲ੍ਹੇ ਦੇ ਨਾਮਧਾਰੀ ਸੂਬਿਆਂ ਤੋਂ ਨਾਮਧਾਰੀਆਂ ਦੀ ਗਿਣਤੀ ਦਾ ਅੰਦਾਜ਼ਾ ਲਿਆ ਗਿਆ ਹੈ। ਉਸਦੇ ਅਨੁਸਾਰ ਪੰਜਾਬ ਦੀ ਕੁੱਲ ਨਾਮਧਾਰੀ ਜਨਸੰਖਿਆ 2,37100 ਦੇ ਕਰੀਬ ਹੈ। ਅਨੁਮਾਨ ਅਨੁਸਾਰ ਪੰਜਾਬ ਦੇ ਲੁਧਿਆਣੇ ਜ਼ਿਲ੍ਹੇ ਵਿਚ ਸਭ ਤੋਂ ਜ਼ਿਆਦਾ ਗਿਣਤੀ ਪਾਈ ਗਈ ਹੈ ਜੋ ਕਿ 25000 ਦੇ ਕਰੀਬ ਹੈ ਅਤੇ ਬਾਕੀ ਜ਼ਿਲ੍ਹਿਆਂ ਅਨੁਸਾਰ ਸਭ ਤੋਂ ਘੱਟ ਜਨਸੰਖਿਆ ਨਾਮਧਾਰੀਆਂ ਦੀ ਮੋਹਾਲੀ ਸ਼ਹਿਰ ਵਿਚ ਹੈ ਜੋ ਕਿ ਲਗਭਗ 4000 ਦੇ ਕਰੀਬ ਹੈ। ਇਸੇ ਤਰ੍ਹਾਂ ਹਰਿਆਣਾ ਵਿਚ ਨਾਮਧਾਰੀਆਂ ਦੀ ਗਿਣਤੀ ਲਗਭਗ 1,50000 ਦੇ ਕਰੀਬ ਹੈ ਅਤੇ ਹਰਿਆਣੇ ਦਾ ਮੁੱਖ ਸ਼ਹਿਰ ਜੀਵਨ ਨਗਰ ਜਿੱਥੇ ਸਭ ਤੋਂ ਵੱਧ ਨਾਮਧਾਰੀਏ ਰਹਿ ਰਹੇ ਹਨ, ਉਨ੍ਹਾਂ ਦੀ ਗਿਣਤੀ 15000 ਦੇ ਕਰੀਬ ਹੈ। ਹਿਮਾਚਲ ਵਿਚ ਨਾਮਧਾਰੀਆਂ ਦੀ ਕੁੱਲ ਗਿਣਤੀ 80,000 ਦੇ ਕਰੀਬ ਹੈ ਤੇ ਉੱਥੋਂ ਦੇ ਮੁੱਖ ਸ਼ਹਿਰ ਮੰਡੀ ਵਿਚ ਨਾਮਧਾਰੀਆਂ ਦੀ ਗਿਣਤੀ ਲਗਭਗ 10000 ਦੇ ਕਰੀਬ ਹੈ। ਇਸੇ ਪ੍ਰਕਾਰ ਵਿਦੇਸ਼ਾਂ ਵਿਚ ਵੀ ਕਾਫ਼ੀ ਗਿਣਤੀ ਵਿਚ ਨਾਮਧਾਰੀ ਰਹਿ ਰਹੇ ਹਨ। ਸਭ ਤੋਂ ਜ਼ਿਆਦਾ ਗਿਣਤੀ ਉਨ੍ਹਾਂ ਦੀ ਇੰਗਲੈਂਡ ਵਿਚ (10,000),

ਕੈਨੇਡਾ (10,000), ਅਫ਼ਰੀਕਾ, ਤਨਜਾਨੀਆ, ਕੀਨੀਆ ਨੈਰੋਬੀ (3000), ਅਮਰੀਕਾ (3000) ਅਤੇ ਥਾਈਲੈਂਡ ਵਿਚ (15000) ਦੇ ਕਰੀਬ ਹੈ।

ਇਸ ਪ੍ਰਕਾਰ ਸਭ ਤੋਂ ਪਹਿਲਾਂ ਸਤਿਗੁਰੂ ਬਾਲਕ ਸਿੰਘ ਜੀ (1799-1862) ਬਾਅਦ ਵਿਚ ਸਤਿਗੁਰੂ ਰਾਮ ਸਿੰਘ ਜੀ ਫਿਰ ਸਤਿਗੁਰੂ ਹਰੀ ਸਿੰਘ ਜੀ (1819-1906), ਸਤਿਗੁਰੂ ਪ੍ਰਤਾਪ ਸਿੰਘ ਜੀ (1890-1959), ਸਤਿਗੁਰੂ ਜਗਜੀਤ ਸਿੰਘ ਜੀ (1920-2012) ਗੱਦੀ 'ਤੇ ਬਿਰਾਜਮਾਨ ਰਹੇ। ਵਰਤਮਾਨ ਸਮੇਂ ਵਿਚ ਸਤਿਗੁਰੂ ਉਦੇ ਸਿੰਘ ਜੀ ਨਾਮਧਾਰੀ ਗੱਦੀ 'ਤੇ ਬਿਰਾਜਮਾਨ ਹਨ ਅਤੇ ਸਮੁੱਚੀ ਨਾਮਧਾਰੀ ਕੌਮ ਉਨ੍ਹਾਂ ਦੇ ਹੁਕਮਾਂ ਦੀ ਪਾਲਣਾ ਕਰ ਰਹੀ ਹੈ ਅਤੇ ਉਨ੍ਹਾਂ ਦੇ ਦੱਸੇ ਰਸਤੇ ਉੱਪਰ ਚੱਲ ਰਹੀ ਹੈ। ਇਸ ਸੰਪਰਦਾ ਨੂੰ ਕਈ ਨਾਵਾਂ ਦੇ ਨਾਲ ਜਾਣਿਆ ਜਾਂਦਾ ਹੈ ਜਿਵੇਂ ਕਿ ਆਪਾਂ ਪਹਿਲਾਂ ਪੜ੍ਹ ਚੁੱਕੇ ਹਾਂ ਕਿ ਇਨ੍ਹਾਂ ਨੂੰ ਜਗਿਆਸੀ, ਅਭਿਆਸੀ ਵੀ ਕਿਹਾ ਜਾਂਦਾ ਸੀ। ਨਾਮਧਾਰੀ, ਕੂਕੇ ਵੀ ਕਿਹਾ ਜਾਂਦਾ ਹੈ।

**ਸਾਹਿਤ ਦਾ ਸਰਵੇਖਣ**

1. **ਨਾਹਰ ਸਿੰਘ ਐਮ.ਏ. (1957)** ਨੇ ਆਪਣੀ ਪੁਸਤਕ "ਨਾਮਧਾਰੀ ਇਤਿਹਾਸ" ਵਿਚ ਸਤਿਗੁਰੂ ਰਾਮ ਸਿੰਘ ਜੀ ਦੁਆਰਾ ਸਮਾਜਿਕ ਤੇ ਸਭਿਆਚਾਰਕ ਢਾਂਚੇ ਵਿਚੋਂ ਜੋ ਕ੍ਰਾਂਤੀਕਾਰੀ ਪਰਿਵਰਤਨ ਲਿਆਂਦੇ ਗਏ, ਉਨ੍ਹਾਂ ਦਾ ਵਰਣਨ ਕਰਦਿਆਂ ਦੱਸਿਆ ਕਿ ਸਿੱਖੀ ਆਦਰਸ਼ ਅਲੋਪ ਹੋ ਚੁੱਕੇ ਸਨ। ਇਸ ਲਈ ਸਿੱਖੀ ਜੀਵਨ ਜਾਂਚ ਦੀ ਪੁਨਰ ਸਥਾਪਨਾ ਕਰਨਾ ਸਤਿਗੁਰੂ ਰਾਮ ਸਿੰਘ ਜੀ ਦਾ ਇਕ ਮੁੱਖ ਕੰਮ ਸੀ। ਆਮ ਜਨਤਾ ਨੂੰ ਖੰਡੇ ਦਾ ਅੰਮ੍ਰਿਤ ਛਕਾਉਣ ਦੀ ਰੀਤੀ ਅਲੋਪ ਹੋ ਗਈ ਸੀ। ਖੰਡੇ ਦਾ ਅੰਮ੍ਰਿਤ ਅਭਿਲਾਖੀ ਸੱਜਣ ਵੱਡੇ-ਵੱਡੇ ਗੁਰਦੁਆਰਿਆਂ, ਅਕਾਲ ਤਖ਼ਤ ਸਾਹਿਬ, ਅੰਮ੍ਰਿਤਸਰ, ਮੁਕਤਸਰ ਸਾਹਿਬ, ਦਮਦਮਾ ਸਾਹਿਬ ਆਦਿ ਹੀ ਜਾ ਛਕਦੇ ਸਨ। ਇਸਤਰੀਆਂ ਨੂੰ ਅੰਮ੍ਰਿਤ ਨਹੀਂ ਛਕਾਇਆ ਜਾਂਦਾ ਸੀ। ਪਰ ਸਤਿਗੁਰੂ ਜੀ ਨੇ ਮਹੰਤਾਂ, ਸੋਢੀਆਂ, ਬੇਦੀਆਂ, ਉਦਾਸੀਆਂ ਦੀ ਵਿਰੋਧਤਾ ਦੀ ਪ੍ਰਵਾਹ ਨਾ ਕਰਦਿਆਂ ਪਿੰਡਾਂ ਵਿਚ ਰਹਿੰਦੇ ਖੇਤੀ ਆਦਿ ਦੇ ਕੰਮਾਂ ਵਿਚ ਲੱਗੇ ਹੋਏ, ਜ਼ਬਾਨੀ ਬਾਣੀਆਂ ਕੰਠ ਰੱਖਣ ਵਾਲਿਆਂ ਨੂੰ ਬਿਨਾਂ ਦਾਨ-ਦਖਸ਼ਣਾ ਤੇ ਖੰਡੇ ਬਾਟੇ ਦਾ ਅੰਮ੍ਰਿਤ ਛਕਾਉਣ ਦੀ ਰੀਤ ਚਲਾਈ। ਹਿੰਦੂਆਂ ਅਤੇ ਕੇਸਾਂ ਵਾਲੇ ਜੱਟਾਂ ਨੂੰ ਇਕ ਅਕਾਲ ਪੁਰਖ 'ਤੇ ਭਰੋਸਾ ਰੱਖ ਕੇ ਜੀਵਨ ਬਤੀਤ ਕਰਨ ਦਾ ਉਪਦੇਸ਼ ਦਿੱਤਾ। ਪੀਰ ਫ਼ਕੀਰਾਂ ਦੇ ਮਜ਼ਾਰਾਂ ਤੇ ਕਬਰਾਂ 'ਤੇ ਜਾ ਕੇ ਮੰਨਤ ਮੰਗਣ, ਬੱਕਰੇ ਝੜਾਉਣ ਦੇ ਭੈੜੇ ਰਿਵਾਜ਼ਾਂ ਨੂੰ ਤਿਆਗਣ ਦਾ ਪ੍ਰਚਾਰ ਕੀਤਾ ਤੇ ਹਰ ਇਕ ਸਿੱਖ-ਸਿੱਖਣੀ ਨੂੰ ਨਿਤਨੇਮ ਦੀਆਂ ਘੱਟੋ-ਘੱਟ ਪੰਜ ਬਾਣੀਆਂ ਜਬਾਨੀ ਯਾਦ ਕਰਨ ਤੇ ਪਾਠ ਕਰਨ ਦੀ ਪ੍ਰੇਰਨਾ ਦਿੱਤੀ ਅਤੇ ਭਾਈ ਰਾਇ ਸਿੰਘ ਇਕ ਪ੍ਰੇਮੀ ਸਿੱਖ ਵਿਦਵਾਨ ਨੂੰ ਸ੍ਰੀ ਹਜ਼ੂਰ ਅਬਚਲ ਨਗਰ ਦੱਖਣ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤੋਂ ਚਲੀ ਆ ਰਹੀ ਰਹਿਤ ਮਰਯਾਦਾ ਤੇ ਲੰਗਰ ਦੀ ਮਰਯਾਦਾ ਨੂੰ ਲਿਖ ਕੇ ਲਿਆਉਣ ਲਈ ਭੇਜਿਆ। ਅੰਗਰੇਜ਼ਾਂ ਦੁਆਰਾ ਹਥਿਆਰਾਂ ਦੀ ਮਨਾਹੀ ਕਰਨ 'ਤੇ ਆਪ ਨੇ ਆਪਣੇ ਹਰ ਸਿੱਖ ਨੂੰ ਕਿਰਪਾਨ ਦੀ ਥਾਂ ਇਕ ਚੰਗਾ ਮੋਟਾ ਸੋਟਾ, ਬਾਂਸ ਦਾ ਖੂੰਡਾ ਜਾਂ ਲੋਹੇ ਦੇ ਬੰਦਾਂ ਵਾਲੀ ਚੰਗੀ ਭਾਰੀ ਲਾਠੀ, ਗੱਤਕੇ ਲਾਠੀ ਸਿੱਖਣ ਦੀ ਹਦਾਇਤ ਕੀਤੀ। ਚੰਗੀ ਨਸਲ ਦੇ ਘੋੜੇ ਪਾਲਣ ਤੇ ਘੋੜਸਵਾਰੀ ਸਿੱਖਣ ਲਈ ਕਿਹਾ ਅਤੇ ਅੰਗਰੇਜ਼ਾਂ ਦੁਆਰਾ ਚਲਾਈ ਗਊ-ਹੱਤਿਆ ਨੂੰ ਰੋਕਣ 'ਤੇ ਪੂਰਾ ਜ਼ੋਰ ਦਿੱਤਾ।

2. **ਇੰਦਰ ਸਿੰਘ ਚਕਰਵਰਤੀ (1965)** ਨੇ ਆਪਣੀ ਪੁਸਤਕ "ਨਾਮਧਾਰੀ ਇਤਿਹਾਸ (ਭਾਗ ਪਹਿਲਾ) ਵਿਚ ਸਤਿਗੁਰੂ ਬਾਲਕ ਸਿੰਘ ਜੀ ਦੀ ਭਜਨ ਦੇਣ ਦੀ ਮਰਯਾਦਾ ਬਾਰੇ ਦੱਸਿਆ ਹੈ। ਗੁਰੂ ਜੀ ਨੇ ਤਿੰਨ ਯੁਕਤੀਆਂ ਰਾਹੀਂ ਸਿੱਖ ਨੂੰ ਭਜਨ ਦੱਸਦੇ ਸਨ। (1) ਕੰਨ ਵਿਚ ਗੁਪਤ (2) ਬਾਹਰ ਕੱਲਿਆਂ ਲਿਜਾ ਕੇ (3) ਅਕਾਸ਼ਬਾਣੀ ਦੁਆਰਾ। ਜਿਹੜੇ ਸੰਗਤ ਵਿਚ ਪੁੱਛਦੇ ਉਨ੍ਹਾਂ ਦੇ ਕੰਨ ਵਿਚ ਵਾਰੀ-ਵਾਰੀ ਗੁਪਤ ਸੁਣਾਂਦੇ। ਕਈ ਵਾਰ ਬਹੁਤ ਸਾਰੇ ਨਾਮ ਅਭਿਲਾਖੀਆਂ ਨੂੰ ਇਕਾਂਤ ਸਥਾਨ ਤੇ ਇਕੋ ਵਾਰ ਹੀ ਸੁਣਾ ਦਿੰਦੇ ਸਨ। ਏਸ ਸੰਗਤ ਵਿਚ ਕੋਈ ਅਜਿਹਾ ਪੁਰਸ਼ ਨਹੀਂ ਸੀ ਬੈਠ ਸਕਦਾ ਜਿਹੜਾ ਨਾਮ ਦਾ ਅਭਿਲਾਖੀ ਅਤੇ ਸ਼ਰਧਾਲੂ ਨਾ ਹੋਵੇ। ਤੀਜੀ ਯੁਕਤੀ ਮੁਸਲਮਾਨਾਂ ਵਾਸਤੇ ਸੀ। ਜਦ ਕੋਈ ਮੁਸਲਮਾਨ ਭਜਨ ਪੁੱਛਣ ਲਈ ਬੇਨਤੀ ਕਰਦਾ ਤਾਂ ਸ੍ਰੀ ਗੁਰੂ ਜੀ ਨੇ ਬਚਨ ਕਰਨਾ ਕਿ ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ਬਾਹਰ ਜੰਗਲ ਵਿਚ ਚਲਾ ਜਾਂਈਂ, ਉੱਥੇ ਜਾ ਕੇ ਇਕ ਮਨ ਹੋ ਕੇ ਖੁਦਾ ਦੇ ਚਰਨਾਂ ਵਿਚ ਬੇਨਤੀ ਕਰੀਂ ਕਿ ਹੇ ਖ਼ੁਦਾ ਮੈਨੂੰ ਇਸ ਜ਼ਮਾਨੇ ਦੀ ਬੰਦਗੀ ਪ੍ਰਾਪਤ ਹੋ ਜਾਵੇ। ਜਦ ਉਸਨੇ ਬਚਨ ਮੰਨਕੇ ਅਜਿਹਾ ਕਰਨਾ ਤਾਂ ਅਕਾਸ਼ਬਾਣੀ ਦੁਆਰਾ ਚਾਰ ਅੱਖਰਾਂ ਮੰਤਰ ਉਸਦੇ ਕੰਨ ਵਿਚ ਸੁਣਿਆ ਜਾਂਦਾ। ਏਸ ਕੌਤਕ ਨੂੰ ਮੁਸਲਮਾਨ ਕਰਾਮਾਤ ਸਮਝਦੇ ਅਤੇ ਅਤੀਸ਼ਰਧਾ ਅਤੇ ਪ੍ਰੇਮ ਭਾਵਨਾ ਸਹਿਤ ਸ੍ਰੀ ਗੁਰੂ ਜੀ ਦੇ ਸਿੱਖ ਬਣਕੇ ਆਪਣਾ ਜਨਮ ਸਫ਼ਲਾ ਕਰਦੇ।

3. **ਤਾਰਾ ਸਿੰਘ ਅਣਜਾਣ (1986)** ਨੇ ਆਪਣੀ ਪੁਸਤਕ "ਸਭਹਨ ਕੇ ਸਿਰਮੋਰ" ਵਿਚ ਨਾਮਧਾਰੀਆਂ ਦੁਆਰਾ ਦੇਸ਼ ਦੀ ਆਜ਼ਾਦੀ ਦੇ ਲਈ ਕੀਤੇ ਗਏ ਯਤਨਾਂ ਨੂੰ ਬਿਆਨਿਆ ਹੈ ਕਿ ਕਿਸ ਪ੍ਰਕਾਰ ਵੱਖ-ਵੱਖ ਲਹਿਰਾਂ ਨੇ ਆਜ਼ਾਦੀ ਦੀ ਲੜਾਈ ਵਿਚ ਯੋਗਦਾਨ ਪਾਇਆ ਪਰ ਉਹਨਾਂ ਸਭ ਵਿਚੋਂ ਨਾਮਧਾਰੀ ਲਹਿਰ ਸੀ ਸਿਰਕੱਢ ਲਹਿਰ ਸੀ ਜਿਸ ਨੇ ਸਭ ਤੋਂ ਪਹਿਲਾ ਨਾ-ਮਿਲਵਰਤਨ ਲਹਿਰ ਸ਼ੁਰੂ ਕਰਕੇ ਅੰਗਰੇਜ਼ੀ ਸਰਕਾਰ ਨਾਲ ਹਰ ਤਰ੍ਹਾਂ ਦਾ ਬਾਈਕਾਟ ਕਰ ਦਿੱਤਾ ਸੀ। 1857 ਤੱਕ ਪੰਜਾਬ ਪੂਰੀ ਤਰ੍ਹਾਂ ਅੰਗਰੇਜ਼ਾਂ ਦਾ ਗੁਲਾਮ ਹੋ ਚੁੱਕਿਆ ਸੀ। ਇਸ ਦੌਰ ਵਿਚ ਸਤਿਗੁਰੂ ਰਾਮ ਸਿੰਘ ਨੇ ਲੋਕਾਂ ਵਿਚ ਨਵੀਂ ਰੂਹ ਫੂਕਣ ਲਈ ਕਮਰਕੱਸਾ ਕੀਤਾ। ਸਤਿਗੁਰਾਂ ਦੀ ਕੂਕਾ ਲਹਿਰ ਕੇਵਲ ਧਾਰਮਿਕ ਲਹਿਰ ਹੀ ਨਹੀਂ ਸੀ, ਸਗੋਂ ਸਮਾਜ ਸੁਧਾਰਕ ਇਸ ਤੋਂ ਵੀ ਵੱਧ ਰਾਜਨੀਤਕ ਲਹਿਰ ਸੀ। ਬ੍ਰਹਮੋ ਸਮਾਜ, ਪ੍ਰਾਥਨਾ ਸਮਾਜ, ਰਾਮ ਕਿਸ਼ਨ ਮਿਸ਼ਨ, ਰਾਧਾ ਸੁਆਮੀ, ਨਿਰੰਕਾਰੀ ਆਦਿ ਲਹਿਰਾਂ ਚੱਲੀਆਂ ਪਰ ਇਨ੍ਹਾਂ ਦਾ ਕਾਰਜ ਖੇਤਰ ਧਾਰਮਿਕ ਤੇ ਸਮਾਜਿਕ ਸੀ। ਰਾਜਨੀਤਕ ਬਿਲਕੁਲ ਨਹੀਂ ਸੀ। ਸਤਿਗੁਰੂ ਰਾਮ ਸਿੰਘ ਪਹਿਲੇ ਸਨ ਜਿਨ੍ਹਾਂ ਨੇ ਸਮਾਂਤਰ ਸਰਕਾਰ ਕਾਇਮ ਕੀਤੀ। ਆਪ ਨੇ ਸੁਤੰਤਰਤਾ ਸੰਗਰਾਮ ਦਾ ਆਰੰਭ ਪਿੰਡਾਂ ਵਿਚੋਂ ਕੀਤਾ। ਨਾਮਧਾਰੀ ਲਹਿਰ ਦਾ ਕੇਂਦਰ ਵੀ ਪਿੰਡ ਹੀ ਸੀ। ਆਪ ਨੇ ਲੋਕਾਂ ਵਿਚ ਅਜਿਹਾ ਜੋਸ਼ ਭਰਿਆ ਕਿ ਫਿਰ ਉਹ ਕਿਸੇ ਅੱਗੇ ਨਹੀਂ ਡੋਲੇ, ਕੁਰਬਾਨੀਆਂ ਵੀ ਦਿੱਤੀਆਂ ਤੇ ਆਪ ਦੇ ਦਰਸ਼ਨਾਂ ਲਈ ਵੀ ਜਾਂਦੇ ਰਹੇ। ਕੂਕਾ ਲਹਿਰ ਦੀਆਂ ਜੜ੍ਹਾਂ ਪਿੰਡਾਂ ਵਿਚ ਹੋਣ ਕਰਕੇ ਹੀ ਚਤੁਰ ਬਰਤਾਨਵੀ ਹਾਕਮ ਵੀ ਇਸ ਦੀ ਰਾਜਨੀਤਕ ਚਾਲ ਨੂੰ ਕਈ ਸਾਲਾਂ ਬਾਅਦ ਸਮਝ ਸਕੇ।

4. **ਅਮਰ ਭਾਰਤੀ (1995)** ਨੇ ਆਪਣੇ ਖੋਜ-ਪੱਤਰ 'ਸਤਿਗੁਰੂ ਜੀ ਇਕ ਰੇਖਾ ਚਿੱਤਰ' ਸਿਰਲੇਖ ਵਿਚ ਸਤਿਗੁਰੂ ਜਗਜੀਤ ਸਿੰਘ ਜੀ ਦੁਆਰਾ ਨਾਮਧਾਰੀਆਂ ਵਿਚ ਖੇਡਾਂ ਦੀ ਮਹੱਤਤਾ ਦੱਸਦਿਆਂ ਤੇ ਉਨ੍ਹਾਂ ਨੂੰ ਖੇਡਾਂ ਲਈ ਦਿੱਤੀ ਪ੍ਰੇਰਨਾ ਦਾ ਜ਼ਿਕਰ ਕਰਦਿਆਂ ਦੱਸਿਆ ਕਿ ਪਿਛਲੇ ਦੋ ਦਹਾਕਿਆਂ ਤੋਂ ਸਤਿਗੁਰੂ ਜੀ ਨਾਮਧਾਰੀ ਨੌਜਵਾਨਾਂ ਉੱਪਰ ਇਕ ਪ੍ਰਯੋਗ ਕਰ ਰਹੇ ਹਨ। ਉਨ੍ਹਾਂ ਨੂੰ ਖੇਡਾਂ ਦੀ ਪ੍ਰੇਰਨਾ ਦੇਣੀ। ਚੰਗੇ ਉਸਤਾਦ ਖਿਡਾਰੀਆਂ ਕੋਲੋਂ ਹਾਕੀ ਟੀਮ ਦੀ ਪ੍ਰੇਰਨਾ ਦੇਣੀ। ਚੰਗੇ ਉਸਤਾਦ ਖਿਡਾਰੀਆਂ ਕੋਲੋਂ ਹਾਕੀ ਦੇ ਜੌਹਰ ਵਿਖਾ ਕੇ ਨਾਮਣਾ ਖੱਟਿਆ ਹੈ। ਨਾਮਧਾਰੀ ਹਾਕੀ ਟੀਮ ਭਾਰਤ ਦੁਨੀਆਂ ਦੇ ਕਿਸੀ ਵੀ ਚੰਗੀ ਟੀਮ ਨਾਲ ਖੇਡ ਕੇ ਜਿੱਤ ਹਾਸਲ ਕਰ ਸਕਦੀ ਹੈ। ਨਾਮਧਾਰੀ ਹਾਕੀ ਟੀਮ ਦੇ ਖਿਡਾਰੀ ਉਲੰਪਿਕ ਟੀਮ ਵਿਚ ਵੀ ਗਏ ਹਨ ਤੇ ਨਾਮਧਾਰੀ ਪੰਥ ਦਾ ਨਾਮ ਰੋਸ਼ਨ ਕੀਤਾ ਹੈ। ਇਸ ਨਾਮਧਾਰੀ ਟੀਮ ਦੀ ਇਕ ਵਿਸ਼ੇਸ਼ਤਾ ਇਹ ਹੈ ਕਿ ਇਹ ਆਪਣੇ ਨਾਮਧਾਰੀ ਬਾਣੇ ਵਿਚ ਹੀ ਮੈਚ ਖੇਡਦੀ ਹੈ। ਸਿੱਧੀ ਦਸਤਾਰ, ਬਨਿਆਣ ਅਤੇ ਕਛਿਹਰਾ ਪਾ ਕੇ ਪੂਰਨ ਸ਼ਾਕਾਹਾਰਾ ਸਫ਼ੇਦ ਬਾਣੇ ਵਾਲੀ ਇਹ ਟੀਮ ਜਦੋਂ ਮੈਦਾਨ ਵਿਚ ਉਤਰਦੀ ਹੈ ਤਾਂ ਇਸ ਟੀਮ ਦੀ ਦਿੱਖ ਸਭ ਟੀਮਾਂ ਤੋਂ ਨਿਆਰੀ ਹੁੰਦੀ ਹੈ।

5. **ਮਨਧੀਰ ਸਿੰਘ (1995)** ਨੇ ਆਪਣੇ ਖੋਜ-ਪੱਤਰ "ਨਾਮਧਾਰੀ ਲਹਿਰ ਦਾ ਜਨਮ ਕਿਉਂ ਤੇ ਕਿਵੇਂ ਹੋਇਆ" ਵਿਚ ਉਨ੍ਹਾਂ ਹਾਲਾਤਾਂ ਨੂੰ ਬਿਆਨ ਕੀਤਾ ਹੈ, ਜਿਨ੍ਹਾਂ ਵਿਚ ਨਾਮਧਾਰੀ ਲਹਿਰ ਦਾ ਜਨਮ ਹੋਇਆ ਅਤੇ ਕਿਸ ਪ੍ਰਕਾਰ ਉਨ੍ਹਾਂ ਨੇ ਬੁਰਾਈਆਂ ਨੂੰ ਖ਼ਤਮ ਕਰਕੇ ਦੇਸ਼ ਦੀ ਆਜ਼ਾਦੀ ਵਿਚ ਯੋਗਦਾਨ ਪਾਇਆ। ਉਸ ਸਮੇਂ ਇਕ ਨਾਮਧਾਰੀ ਹੀ ਸਨ ਜਿਨ੍ਹਾਂ ਨੇ ਦੇਸ਼ ਨੂੰ ਅੰਗਰੇਜ਼ਾਂ ਦੀ ਗੁਲਾਮੀ ਤੋਂ ਮੁਕਤ ਕਰਾਉਣ ਲਈ ਆਤਮ ਸਮਰਪਣ ਕਰਕੇ ਆਪਣੀਆਂ ਜਾਨਾਂ ਵਾਰ ਦਿੱਤੀਆਂ ਸਨ ਅਤੇ ਅੰਗਰੇਜ਼ਾਂ ਨੂੰ ਵੰਗਾਰਿਆ ਸੀ ਉਹ ਉਨ੍ਹਾਂ ਨੂੰ ਦੇਸ਼ ਵਿਚ ਬਾਹਰ ਕੱਢ ਕੇ ਹੀ ਸਾਹ ਲੈਣਗੇ ਅਤੇ ਮੁੜ ਖ਼ਾਲਸਾ ਰਾਜ ਸਥਾਪਿਤ ਕਰਨਗੇ।

6. **ਡਾ. ਜੁਗਿੰਦਰ ਸਿੰਘ (1995)** ਨੇ ਆਪਣੇ ਖੋਜ-ਪੱਤਰ ਨਾਮਧਾਰੀ ਲਹਿਰ ਦਾ ਸਰਬ ਭਾਵੀ ਭਾਗ ਵਿਚ ਨਾਮਧਾਰੀ ਲਹਿਰ ਦੇ ਯੋਗਦਾਨ ਬਾਰੇ ਦੱਸਿਆ ਹੈ। ਨਾਮਧਾਰੀ ਲਹਿਰ ਅਚੇਤ ਤੌਰ 'ਤੇ ਭਾਰਤੀ ਸੁਤੰਤਰਤਾ ਦਾ ਮੁੱਢ ਸੀ। ਭਾਵੇਂ ਭਾਰਤ ਦੀ ਸੁਤੰਤਰਤਾ ਦਾ ਸੁਪਨਾ 'ਗੁਰਦੁਆਰਾ ਸੁਧਾਰ ਲਹਿਰ ਦੇ ਨਾਲ ਹੀ ਸਾਡੀ ਅਜੋਕੀ ਕਾਂਗਰਸ ਦੇ ਪਹਿਲੇ ਮੋਢੀਆਂ ਨੇ ਲੈਣਾ ਸ਼ੁਰੂ ਕਰ ਦਿੱਤਾ ਸੀ। ਪਰ ਗੁਰਦੁਆਰਾ ਸੁਧਾਰ ਲਈ ਪੰਜਾਬ ਵਾਸੀ ਜਨਤਾ ਵਿਚ ਜਿਹੜਾ ਇਨਕਲਾਬੀ ਜ਼ਜਬਾ ਪੈਦਾ ਹੋਇਆ, ਉਹ ਨਾਮਧਾਰੀ ਲਹਿਰ ਦੇ ਇਨਕਲਾਬੀ ਜ਼ਜਬੇ ਦਾ ਹੀ ਇਕ ਸਰਵ ਭਾਵੀ ਭਾਗ ਸੀ। ਜਿਸਦੇ ਮੋਢੀ ਬਾਬਾ ਰਾਮ ਸਿੰਘ ਨਾਮਧਾਰੀ ਆਗੂ ਸਨ। ਇਸ ਆਗੂ ਦੀ ਤੇਜ਼ਧਾਰੀ ਤੇ ਅੰਗਰੇਜ਼ਾਂ ਨਾਲ ਮਿਲਵਰਤਨੀ ਸ਼ਖ਼ਸੀਅਤ ਦੇ ਪ੍ਰਚਾਰ ਦਾ ਸਿੱਟਾ ਹੀ ਸੀ ਕਿ ਸਮੁੱਚੇ ਗੁਰੂ ਗੋਬਿੰਦ ਸਿੰਘ ਜੀ ਪਿੱਛੋਂ ਇਹ ਨਾਮਧਾਰੀ ਆਗੂ ਹੀ ਪਹਿਲੇ ਸਨ ਜਿਨ੍ਹਾਂ ਨੇ ਨਿਰ-ਸੁਆਰਥ ਹੋ ਕੇ ਦੇਸ਼ ਲਈ ਕੁਰਬਾਨੀਆਂ ਕੀਤੀਆਂ ਅਤੇ ਹਰ ਪ੍ਰਕਾਰ ਦੀਆਂ ਸਮਾਜਿਕ ਕੁਰੀਤੀਆਂ ਦਾ ਵਿਰੋਧ ਕੀਤਾ। ਭਾਵੇਂ ਸਖ਼ਤੀਆਂ ਕਾਰਨ ਨਾਮਧਾਰੀ ਲਹਿਰ ਦੀ ਜੋਤ ਮੱਧਮ ਪੈ

ਗਈ ਸੀ ਪਰ ਬੁੱਝ ਨਾ ਸਕੀ। ਇਸ ਲਹਿਰ ਤੋਂ ਪਿੱਛੋਂ ਹੀ ਸਿੰਘ ਸਭਾ ਲਹਿਰ, ਅਕਾਲੀ ਲਹਿਰ ਭਾਂਬੜ ਰੂਪ ਵਿਚ ਬਲੀਆਂ ਲਹਿਰਾਂ ਸਨ।

7. **ਸੁਵਰਨ ਸਿੰਘ ਵਿਰਕ (2016)** ਨੇ "ਜੁੱਗ ਪਲਟਾਊ ਸਤਿਗੁਰੂ ਸ੍ਰੀ ਰਾਮ ਸਿੰਘ ਜੀ" ਵਿਚ ਦੱਸਿਆ ਹੈ ਕਿ ਕਿਸ ਪ੍ਰਕਾਰ ਸਤਿਗੁਰੂ ਰਾਮ ਸਿੰਘ ਜੀ ਮਿਹਨਤ ਕਰਨ ਉਪਰ ਜ਼ੋਰ ਦਿੰਦੇ ਸਨ ਅਤੇ ਕਦੇ ਵੀ ਕਿਸੇ ਨੂੰ ਵਿਹਲੇ ਨਹੀਂ ਰਹਿਣ ਦਿੰਦੇ ਸਨ। ਸਤਿਗੁਰੂ ਰਾਮ ਸਿੰਘ ਜੀ ਹੱਥੀ ਕਿਰਤ ਕਰਨ 'ਤੇ ਜ਼ੋਰ ਦਿੰਦੇ ਸਨ, ਸਫ਼ਾਈ ਪਸੰਦ ਤੇ ਆਲਸ ਨੂੰ ਕਦੀ ਨੇੜੇ ਨਹੀਂ ਆਉਣ ਦਿੰਦੇ ਸਨ। ਸੂਬਾ ਪਹਾੜ ਸਿੰਘ ਦੇ ਗੈਰ ਸੋਧੀ ਨੂੰ ਪਾਣੀ ਪਿਲਾਉਣ ਤੋਂ ਮਨ੍ਹਾ ਕਰ ਦਿੱਤਾ ਕਿ ਉਸਦਾ ਗੜਵਾ ਖੁੱਲ੍ਹਾ ਹੋ ਜਾਵੇਗਾ ਤੇ ਫਿਰ ਮਾਂਜਣਾ ਪਏਗਾ। ਗੁਰੂ ਜੀ ਨੇ ਉਸਨੂੰ ਫਿਟਕਾਰਦਿਆਂ ਕਿਹਾ ਕਿ ਅਜਿਹਾ ਸੋਧ ਦਾ ਕੋਈ ਫ਼ਾਇਦਾ ਨਹੀਂ ਜਿੱਥੇ ਕੋਈ ਪਿਆਸਾ ਹੀ ਮੁੜ ਜਾਵੇ। ਆਪ ਆਪਣੇ ਪੱਤਰਾਂ ਵਿਚ ਹਮੇਸ਼ਾ ਹਦਾਇਤ ਕਰਦੇ ਸੀ ਕਿ ਕੋਈ ਵੀ ਵਿਹਲਾ ਨਾ ਰਹੇ। ਆਪ ਨੂੰ ਆਪਣੇ ਦੋਹਤਰੇ ਨੂੰ ਵੀ ਕਹਿ ਦਿੱਤਾ ਸੀ ਕਿ ਡੇਰੇ ਵਿਚ ਰਹਿ ਕੇ ਭਜਨ ਬੰਦਗੀ, ਲੰਗਰ, ਮਾਲ ਪਸ਼ੂਆਂ ਦੀ ਸੇਵਾ ਵਿਚੋਂ ਕੋਈ ਵੀ ਕੰਮ ਨਹੀਂ ਕਰਨਾ ਤਾਂ ਇੱਥੇ ਨਾ ਰਹੋ। ਆਪਣੇ ਪਿੰਡ ਚਲੇ ਜਾਓ। ਪਿੰਡਾਂ ਵਿਚ ਫਿਰਨ ਵਾਲੇ ਬਿਹੰਗਮ ਸਾਧੂਆਂ ਲਈ ਭਜਨ ਬਾਣੀ ਦਾ ਜ਼ਾਬਤਾ ਇੰਨਾ ਸਖ਼ਤ ਸੀ ਕਿ ਉਨ੍ਹਾਂ ਪਾਸ ਵਿਹਲੇ ਰਹਿਣ ਲਈ ਸਮਾਂ ਹੀ ਨਹੀਂ ਬਚਦਾ ਸੀ। ਸਤਿਗੁਰੂ ਰਾਮ ਸਿੰਘ ਜੀ ਦੇ ਬਣਾਏ ਅਸੂਲ ਅੱਜ ਵੀ ਡੇਰੇ ਵਿਚ ਚੱਲ ਰਹੇ ਹਨ ਅੱਜ ਵੀ ਉੱਥੇ ਸਭ ਨੂੰ ਸਖ਼ਤੀ ਨਾਲ ਭਜਨ ਬੰਦਗੀ ਕਰਨ ਦੀ ਹਦਾਇਤ ਹੈ ਅਤੇ ਵਿਹਲੇ ਰਹਿਣ ਦੀ ਆਗਿਆ ਨਹੀਂ ਹੈ। ਜੋ ਜਿਸ ਪ੍ਰਕਾਰ ਦੀ ਸੇਵਾ ਕਰ ਸਕਦਾ ਹੈ ਉਸਨੂੰ ਕਰਨੀ ਪੈਂਦੀ ਹੈ।

8. **ਡਾ. ਹਰਵਿੰਦਰ ਸਿੰਘ ਭੱਟੀ (2008)** ਨੇ ਆਪਣੇ ਖੋਜ-ਪੱਤਰ "ਨਾਮਧਾਰੀ ਲਹਿਰ : ਇਕ ਸਮਾਜ ਵਿਗਿਆਨਕ ਦ੍ਰਿਸ਼ਟੀਕੋਣ ਵਿਚ ਨਾਮਧਾਰੀ ਲਹਿਰ ਦੇ ਰੂਪ ਅਤੇ ਤੱਤਾਂ ਨੂੰ ਬਿਆਨ ਕਰਦਿਆਂ ਦੱਸਿਆ ਹੈ ਕਿ ਇਹ ਲਹਿਰ ਮੁੱਖ ਰੂਪ ਵਿਚ ਸਿੱਖ ਪਰੰਪਰਾ ਵਿਚ ਸਥਿਤ ਹੈ। ਇਸ ਨੇ ਇਕ ਸਰਬਵਿਆਪਕ ਰੂਹਾਨੀ, ਇਨਕਲਾਬ ਦੀ ਚੇਤਨਾ ਜਗਾਈ। ਇਸ ਲਹਿਰ ਨੇ ਬੁਨਿਆਦੀ ਤੌਰ 'ਤੇ ਰੂਹਾਨੀ ਸ਼ੁੱਧਤਾਂ ਦੀ ਲਹਿਰ ਹੁੰਦਿਆਂ ਆਪਣੀ ਵਿਆਪਕਤਾ ਵਿਚ ਧਰਮ, ਸਮਾਜ, ਸਭਿਆਚਾਰ ਅਤੇ ਸਿਆਸਤ ਨੂੰ ਵੀ ਸਮਾ ਲਿਆ ਸੀ। ਕੋਈ ਵੀ ਨਵੀਂ ਲਹਿਰ ਆਮ ਤੌਰ ਤੇ ਪੁਰਾਣੀ ਪਰੰਪਰਾ ਨਾਲ ਤਿੰਨ ਪ੍ਰਕ੍ਰਿਆਵਾਂ ਨਾਲ ਸੰਬੰਧਿਤ ਹੁੰਦੀ ਹੈ। ਸੰਪੂਰਨ ਲਗਾਤਾਰਤਾ, ਸਿਰਜਣਾਤਮਕ ਤਬਦੀਲੀ, ਪੂਰਨ ਤੋੜ ਵਿਛੋੜਾ। ਇਸ ਪ੍ਰਸੰਗ ਵਿਚ ਨਾਮਧਾਰੀ ਲਹਿਰ ਨੇ ਇਕ ਸਿੱਖ ਧਰਮ ਦੀ ਹੋਣ ਦੇ ਬਾਵਜੂਦ ਵੀ ਬਾਕੀ ਧਾਰਮਿਕ ਪਰੰਪਰਾਵਾਂ ਹਿੰਦੂ ਅਤੇ ਇਸਲਾਮ ਨਾਲ ਰੂਹਾਨੀ ਰਿਸ਼ਤਾ ਮੁੜ ਕਾਇਮ ਕਰਕੇ ਸੰਪੂਰਨ ਲਗਾਤਾਰਤਾ ਦਾ ਰਿਸ਼ਤਾ ਕਾਇਮ ਕੀਤਾ। ਦੂਸਰੇ ਪਾਸੇ ਇਹ ਇਸਲਾਮੀ ਰੂਹਾਨੀ ਪਰੰਪਰਾ ਦਾ ਅੰਗ ਬਣ ਚੁੱਕੀ ਸੀ ਜਿਸਨੂੰ ਸੂਫ਼ੀ ਪਰੰਪਰਾ ਦੇ ਤੌਰ 'ਤੇ ਜਾਣਿਆ ਜਾਂਦਾ ਸੀ। ਕਿਸੇ ਵੀ ਲਹਿਰ ਵੱਲੋਂ ਕੁਝ ਰਵਾਇਤਾਂ ਨਾਲੋਂ ਸਪਸ਼ਟ ਤੋੜ ਵਿਛੋੜਾ ਕਰਨਾ ਉਹ ਲਹਿਰ ਦੀਆਂ ਸਰਹੱਦਾਂ ਮਿੱਥਣ ਲਈ ਬਹੁਤ ਮਹੱਤਵਪੂਰਨ ਹੁੰਦਾ ਹੈ। ਨਾਮਧਾਰੀ ਲਹਿਰ ਵੱਲੋਂ ਨਾ-ਮਿਲਵਰਤਨ ਲਹਿਰ, ਗਊ-ਹਤਿਆ ਦਾ ਵਿਰੋਧ, ਲਾਜ਼ਮੀ ਵਿੱਦਿਆ ਅਤੇ ਅਗਿਆਨਤਾ ਦਾ ਵਿਰੋਧ, ਸ਼ੁੱਧਤਾ ਨਾਲ ਅਸ਼ੁੱਧਤਾ ਦਾ ਖ਼ਾਤਮਾ ਆਦਿ ਅਜਿਹੇ ਤੋੜ ਵਿਛੋੜੇ ਸਨ ਜਿਨ੍ਹਾਂ ਨੇ ਉਸ ਸਮੇਂ ਦੇ ਸੰਕਟਾਂ ਦਾ ਇਕ ਬਹੁਤ ਹੀ ਕਾਰਗਰ ਅਤੇ ਅਪਨਾਉਣਯੋਗ ਹੱਲ ਪੇਸ਼ ਕੀਤਾ।

**ਮਹੱਤਤਾ**

ਨਾਮਧਾਰੀ ਲਹਿਰ 19ਵੀਂ ਸਦੀ ਦੇ ਪਿਛਲੇ ਪੱਖ ਵਿਚ ਭਾਵ 1860 ਤੋਂ 1880 ਤੱਕ ਵਧੀ-ਫੁੱਲੀ ਅਤੇ ਉਸ ਤੋਂ ਬਾਅਦ ਇਸ ਦੇ ਸੰਸਥਾਈਕਰਣ ਦੀ ਕਿਰਿਆ ਸ਼ੁਰੂ ਹੋ ਗਈ। ਸਮਾਜਿਕ ਤੌਰ 'ਤੇ ਇਹ ਲਹਿਰ ਸਿੱਖ ਸੰਪਰਦਾ ਦੇ ਅਣਗੋਲੇ ਵਰਗਾਂ ਦੀ ਲਹਿਰ ਸੀ ਅਤੇ ਇਸ ਦਾ ਮਕਸਦ ਸਿੱਖ ਪਰੰਪਰਾ ਦੀ ਸ਼ੁੱਧਤਾ ਨੂੰ ਸਥਾਪਿਤ ਕਰਨਾ ਸੀ, ਪਰ ਕੁਝ ਇਤਿਹਾਸਕ ਕਾਰਨਾਂ ਕਰਕੇ ਇਸ ਨੇ ਸਮਾਜਿਕ, ਧਾਰਮਿਕ ਲਹਿਰ ਤੋਂ ਸਿਆਸੀ ਰੂਪ ਅਖ਼ਤਿਆਰ ਕਰ ਲਿਆ ਜਿਸ ਕਾਰਨ ਅੰਗਰੇਜ਼ੀ ਸਰਕਾਰ ਨਾਲ ਸਿੱਧਾ ਟਕਰਾਅ ਹੋਣ ਕਰਕੇ ਤਸ਼ੱਦਦ ਦਾ ਦੌਰ ਚੱਲ ਪਿਆ ਅਤੇ ਲਹਿਰ ਨੇ ਮੁੜ ਧਾਰਮਿਕ ਅਤੇ ਸਭਿਆਚਾਰਕ ਰੂਪ ਅਖ਼ਤਿਆਰ ਕਰਦਿਆਂ ਆਪਣੇ ਆਪ ਨੂੰ ਇਕ ਸੰਪਰਦਾ ਦੇ ਰੂਪ ਵਿਚ ਸਥਾਪਿਤ ਕਰ ਲਿਆ। ਭਾਰ ਅਤੇ ਪੰਜਾਬ ਦੇ ਇਤਿਹਾਸ ਵਿਚ ਇਸ ਲਹਿਰ ਦਾ ਨਿਵੇਕਲਾ ਸਥਾਨ ਹੈ, ਭਾਵੇਂ ਇਤਿਹਾਸਕਾਰਾਂ ਨੇ ਇਸ ਦਾ ਸਹੀ ਮੁਲਾਂਕਣ ਕਰਕੇ ਇਤਿਹਾਸ ਵਿਚ ਇਸ ਨੂੰ ਯੋਗ ਸਥਾਨ ਨਹੀਂ ਦਿੱਤਾ ਫਿਰ ਵੀ ਇਤਿਹਾਸਕ ਪੱਖ ਤੋਂ ਕੁਝ ਅਧਿਐਨ ਕੀਤੇ ਗਏ ਹਨ। ਮੌਜੂਦਾ ਅਧਿਐਨ (ਖੋਜ) ਇਸ ਲਹਿਰ ਨੂੰ ਸਮਾਜਿਕ ਪੱਖ ਤੋਂ ਸਮਝਣ ਦਾ ਇਕ ਯਤਨ ਕੀਤਾ ਹੈ ਜਿਸ ਵਿਚ ਇਸ ਲਹਿਰ

ਦੇ ਧਾਰਮਿਕ, ਸਮਾਜਿਕ ਅਤੇ ਸਿਆਸੀ ਲਹਿਰ ਤੋਂ ਇਕ ਸੰਪਰਦਾ ਦਾ ਰੂਪ ਧਾਰਨ ਦੀ ਪ੍ਰਕਿਰਿਆ ਦਾ ਅਧਿਐਨ ਵੀ ਕੀਤਾ ਹੈ।

**ਉਦੇਸ਼**

- ਨਾਮਧਾਰੀਆਂ ਦੀ ਪੰਜਾਬ (ਸੰਸਾਰ) ਵਿਚ ਗਿਣਤੀ ਅਤੇ ਉਹ ਕਿੱਥੇ-ਕਿੱਥੇ ਅਤੇ ਕਿਸ ਬਰਾਦਰੀ ਵਿਚੋਂ ਹਨ।
- ਨਾਮਧਾਰੀ ਸੰਪਰਦਾ ਦੇ ਕਿੱਤਿਆਂ ਦੀ ਰੂਪ-ਰੇਖਾ ਬਾਰੇ ਜਾਨਣਾ।
- ਨਾਮਧਾਰੀ ਸੰਪਰਦਾ ਦੇ ਰੀਤੀ-ਰਿਵਾਜ਼ਾਂ ਬਾਰੇ ਜਾਨਣਾ।
- ਨਾਮਧਾਰੀ ਸੰਪਰਦਾ ਦੀਆਂ ਸਿੱਖਿਆਵਾਂ ਅਤੇ ਉਨ੍ਹਾਂ ਉੱਪਰ ਕੀਤੇ ਜਾ ਰਹੇ ਅਮਲਾਂ ਬਾਰੇ ਜਾਣਕਾਰੀ ਪ੍ਰਾਪਤ ਕਰਨਾ।
- ਨਾਮਧਾਰੀ ਸੰਪਰਦਾ ਵਿਚ ਆ ਰਹੇ ਪਰਿਵਰਤਨਾਂ ਦੇ ਕਾਰਨਾਂ ਨੂੰ ਜਾਨਣਾ।

**ਖੋਜ ਵਿਧੀ**

ਇਸ ਅਧਿਐਨ ਦੀ ਖੋਜ ਖੇਤਰ ਸ੍ਰੀ ਭੈਣੀ ਸਾਹਿਬ (ਪੰਜਾਬ), ਮੰਡੀ (ਹਿਮਾਚਲ), ਜੀਵਨ ਨਗਰ (ਹਰਿਆਣਾ) ਤੋਂ ਕੀਤੀ ਗਈ ਹੈ। ਖੋਜਾਰਥੀ ਦੁਆਰਾ ਇਨ੍ਹਾਂ ਖੇਤਰਾਂ ਵਿਚ ਜਾ ਕੇ ਨਾਮਧਾਰੀਆਂ ਦੇ ਕੰਮਾਂ, ਉਨ੍ਹਾਂ ਦੀ ਆਬਾਦੀ, ਉਨ੍ਹਾਂ ਦੇ ਸਮਾਜਿਕ, ਆਰਥਿਕ ਜੀਵਨ ਬਾਰੇ ਜਾਣਕਾਰੀ ਇਕੱਠੀ ਕੀਤੀ ਗਈ ਹੈ। ਖੋਜ-ਸਮੱਗਰੀ ਇਕੱਠੀ ਕਰਨ ਦੇ ਲਈ ਇੰਟਰਵਿਊ ਸ਼ਡਿਊਲ ਦੀ ਵਰਤੋਂ ਕੀਤੀ ਗਈ ਹੈ। ਇੰਟਰਵਿਊ ਸ਼ਡਿਊਲ ਤਿਆਰ ਕਰਕੇ ਉੱਤਰਦਾਤਿਆਂ ਤੋਂ ਖੋਜ ਸਮੱਗਰੀ ਇਕੱਠੀ ਕੀਤੀ ਹੈ। ਇਸ ਦੇ ਨਾਲ ਨਿਰੀਖਣ ਵਿਧੀ ਦਾ ਵੀ ਪ੍ਰਯੋਗ ਕੀਤਾ ਗਿਆ ਹੈ ਤਾਂ ਜੋ ਤੱਥਾਂ ਨੂੰ ਹੋਰ ਗਹਿਰਾਈ ਨਾਲ ਸਮਝਿਆ ਜਾ ਸਕੇ ਅਤੇ ਖੋਜ ਦੀ ਭਰੋਸੇ ਯੋਗਤਾ ਵਿਚ ਵਾਧਾ ਹੋਵੇ।

**ਲੱਭਤਾ :**

ਇਸ ਖੋਜ ਅਧਿਐਨ ਵਿਚ ਨਾਮਧਾਰੀਆਂ ਦੇ ਜਨਮ, ਵਿਆਹ ਅਤੇ ਮੌਤ ਸੰਬੰਧੀ ਰੀਤੀ-ਰਿਵਾਜ਼ਾਂ ਨੂੰ ਦਰਸਾਇਆ ਗਿਆ ਹੈ ਜੋ ਕਿ ਹੇਠਾਂ ਲਿਖੇ ਅਨੁਸਾਰ ਹੈ :

**ਜਨਮ ਨਾਲ ਸੰਬੰਧੀ ਰੀਤੀ-ਰਿਵਾਜ਼ :**

ਨਾਮਧਾਰੀਆਂ ਵਿਚ ਲੜਕੇ-ਲੜਕੀ ਦੇ ਜਨਮ ਨੂੰ ਬਰਾਬਰ ਸਮਝਿਆ ਜਾਂਦਾ ਹੈ ਅਤੇ ਕੋਈ ਵੀ ਵਿਸ਼ੇਸ਼ ਰਸਮਾਂ ਨਹੀਂ ਕੀਤੀਆਂ ਜਾਂਦੀਆਂ। ਇਨ੍ਹਾਂ ਵਿਚ ਨਾ ਕੋਈ ਪੰਜੀਰੀ ਦੀ ਰਸਮ, ਨਾਂ ਬਾਹਰ ਵਧਾਉਣ ਦੀ ਰਸਮ, ਨਾ ਘਰ ਦੇ ਬਾਹਰ ਨਿੰਮ ਬੰਨਣ ਦੀ ਰਸਮ ਅਜਿਹਾ ਕੁਝ ਵੀ ਨਹੀਂ ਹੁੰਦਾ। ਨਾਮਧਾਰੀਆਂ ਵਿਚ ਨੌਵੇਂ ਜਾਂ ਤੇਰਵੇਂ ਦਿਨ ਬੱਚੇ ਅਤੇ ਮਾਂ ਨੂੰ ਅੰਮ੍ਰਿਤ ਛਕਾਇਆ ਜਾਂਦਾ ਹੈ। ਇਨ੍ਹਾਂ ਵਿਚ ਕੋਈ ਗੁੜ੍ਹਤੀ ਦੀ ਰਸਮ ਨਹੀਂ ਹੁੰਦੀ ਜਨਮ ਸਮੇਂ ਬੱਚੇ ਦੇ ਮੂੰਹ ਵਿਚ ਅੰਮ੍ਰਿਤ ਪਾਇਆ ਜਾਂਦਾ ਹੈ ਅਤੇ ਕੰਨ ਵਿਚ ਭਜਨ ਦਿੱਤਾ ਜਾਂਦਾ ਹੈ। ਬੱਚੇ ਦਾ ਨਾਮ ਰੱਖਣ ਦੀ ਕੋਈ ਖਾਸ ਰਸਮ ਨਹੀਂ ਹੁੰਦੀ ਜੋ ਸੱਚੇ ਪਾਤਸ਼ਾਹ ਜੀ ਨਾਮ ਰੱਖ ਦੇਣ ਬਸ ਉਹ ਹੀ ਮੰਨ ਲਿਆ ਜਾਂਦਾ ਹੈ ਤੇ ਇਸ ਲਈ ਉਹ ਸੱਚੇ ਪਾਤਸ਼ਾਹ ਜੀ ਨੂੰ ਫ਼ੋਨ ਕਰਕੇ ਵੀ ਪੁੱਛ ਲੈਂਦੇ ਹਨ ਕਿ ਲੜਕਾ/ਲੜਕੀ ਜਿਸ ਬਾਰੇ ਵੀ ਪੁੱਛਣਾ ਹੋਵੇ ਤੇ ਪਾਤਸ਼ਾਹ ਜੀ ਬੱਚੇ ਦੇ ਪਿਤਾ ਦੇ ਨਾਮ ਦੇ ਪਹਿਲੇ ਅੱਖਰ ਤੇ ਬੱਚੇ ਦਾ ਨਾਮ ਰੱਖਦੇ ਹਨ ਜਿਵੇਂ ਗੁਰਮੀਤ ਸਿੰਘ ਪਿਤਾ ਤੇ ਬੱਚੇ ਦਾ ਨਾਮ ਗਿਆਨ ਸਿੰਘ, ਗਿਆਨ ਕੌਰ ਆਦਿ ਮਤਲਬ ਬਚਿਆਂ ਦੇ ਨਾਮ ਪਿਤਾ ਦੇ ਨਾਮ ਦੇ ਪਹਿਲੇ ਅੱਖਰ ਤੋਂ ਹੀ ਰੱਖੇ ਜਾਂਦੇ ਹਨ।

**ਵਿਆਹ ਸੰਬੰਧੀ ਰਸਮਾਂ :**

ਨਾਮਧਾਰੀਆਂ ਵਿਚ ਵਿਆਹ ਦੀਆਂ ਕੋਈ ਵੀ ਰਸਮਾਂ ਨਹੀਂ ਕੀਤੀਆਂ ਜਾਂਦੀਆਂ। ਬਹੁਤ ਹੀ ਸਾਦੇ ਢੰਗ ਨਾਲ ਸਫ਼ੇਦ ਕੱਪੜਿਆਂ ਵਿਚ ਤਾਰਿਆਂ ਦੀ ਛਾਂ ਵਿਚ ਬਿਨਾਂ ਸ਼ੋਰ-ਸ਼ਰਾਬੇ ਦੇ ਵਿਆਹ ਕੀਤਾ ਜਾਂਦਾ ਹੈ। ਕੋਈ ਹਾਰ ਸ਼ਿੰਗਾਰ ਨਹੀਂ ਕੀਤਾ ਜਾਂਦਾ ਵਿਆਹ ਸਮੇਂ ਲੜਕੇ/ਲੜਕੀ ਨੂੰ ਅੰਮ੍ਰਿਤ ਛਕਾ ਕੇ ਜਪੁਜੀ ਸਾਹਿਬ ਜੀ ਦਾ ਪਾਠ ਅਤੇ ਨਾਮਧਾਰੀ ਅਰਦਾਸ ਨੂੰ ਸੁਣਿਆ ਜਾਂਦਾ ਹੈ, ਅਗਰ ਲੜਕਾ/ਲੜਕੀ ਪਾਠ ਜਾਂ ਅਰਦਾਸ ਨਾ ਸੁਣਾ ਸਕਣ ਤਾਂ ਇਸ ਹਾਲਤ ਵਿਚ ਵਿਆਹ ਮੁਲਤਵੀ ਵੀ ਕਰ ਦਿੱਤਾ ਜਾਂਦਾ ਹੈ ਤੇ ਜ਼ੁਰਮਾਨਾ ਵੀ ਲਗਾਇਆ ਜਾਂਦਾ ਹੈ ਤੇ ਫਿਰ ਕੰਠ ਕਰਕੇ ਪਾਠ ਸੁਨਾਉਣਾ ਜ਼ਰੂਰੀ ਹੁੰਦਾ ਹੈ। ਇਹ ਸਿਰਫ਼ ਇਸ ਲਈ ਜ਼ਰੂਰੀ ਹੈ ਕਿ ਹਰ ਇਕ ਨੂੰ ਗੁਰਮੁਖੀ ਪੜ੍ਹਨੀ ਲਿਖਣੀ ਆਉਣੀ ਚਾਹੀਦੀ ਹੈ। ਕੋਈ ਦਾਜ, ਦਹੇਜ ਦੀ ਰਸਮ ਨਹੀਂ ਕੀਤੀ ਜਾਂਦੀ, ਅਨੰਦ ਕਾਰਜ ਤੋਂ ਬਾਅਦ ਲੰਗਰ ਘਰ ਵਿਚ ਹੀ ਲੰਗਰ ਛਕ ਕੇ ਲੜਕੀ ਨੂੰ ਵਿਦਾ ਕਰ ਦਿੱਤਾ ਜਾਂਦਾ ਹੈ। ਕੋਈ ਪੱਲਾ ਫੜਾਉਣ ਦੀ ਰਸਮ ਵੀ ਨਹੀਂ ਕੀਤੀ ਜਾਂਦੀ ਪੱਲਾ ਵੀ ਕਿਸੇ ਸੇਵਕ ਦੁਆਰਾ ਹੀ ਲੜਕੇ ਦੇ ਪੱਲੇ ਨਾਲ ਬੰਨ ਦਿੱਤਾ ਜਾਂਦਾ ਹੈ। ਨਾਮਧਾਰੀਆਂ ਵਿਚ ਮੁੜਦੀ ਗੱਡੀ, ਪਤਾਸੇ, ਛੋਲਿਆਂ ਦੀ ਰਸਮ, ਜਾਗੋ, ਵਟਣਾ, ਕੋਈ ਵੀ ਰਸਮ ਨਹੀਂ ਕੀਤੀ ਜਾਂਦੀ। ਲੜਕੀ ਨੂੰ ਵਿਆਹ ਤੋਂ ਪੰਦਰਾਂ ਦਿਨ ਬਾਅਦ ਹੀ ਆਪਣੇ ਪੇਕੇ ਘਰ ਆਉਣ ਦੀ ਆਗਿਆ ਹੈ। ਨਾਮਧਾਰੀਆਂ ਵਿੱਚ ਅੰਤਰਜਾਤੀ ਵਿਆਹ ਹੁੰਦੇ ਹਨ। ਪਰ ਇਹ ਗੈਰ ਨਾਮਧਾਰੀਆਂ ਦੇ ਘਰ ਆਪਣੀ ਲੜਕੀ ਦਾ

ਵਿਆਹ ਨਹੀਂ ਕਰਦੇ। ਗੈਰ ਨਾਮਧਾਰੀਆਂ ਦੇ ਘਰ ਲੜਕੇ ਦਾ ਵਿਆਹ ਕਰਨ ਦਾ ਵੀ ਇਨ੍ਹਾਂ ਨੂੰ ਹੁਕਮ ਨਹੀਂ। ਇਹ ਵਿਧਵਾ ਵਿਆਹ, ਦੂਜਾ ਵਿਆਹ ਵੀ ਕਰ ਲੈਂਦੇ ਹਨ। ਵਿਆਹ ਜ਼ਿਆਦਾਤਰ ਸ੍ਰੀ ਭੈਣੀ ਸਾਹਿਬ ਵਿਚ ਹੀ ਹੁੰਦੇ ਹਨ। ਪੈਲਸਾਂ ਵਿਚ ਵਿਆਹ ਕਰਨ ਦੀ ਆਗਿਆ ਨਹੀਂ ਹੈ। ਸੱਚੇ ਪਾਤਸ਼ਾਹ ਜੀ ਫਜ਼ੂਲ ਖਰਚੀ ਕਰਨ ਤੋਂ ਰੋਕਦੇ ਹਨ ਕਿ ਸਾਦਾ ਵਿਆਹ ਕਰੋ, ਨਾ ਕਰਜਾ ਚੁੱਕੋ ਅਤੇ ਨਾ ਕਿਸੇ ਹੋਰ ਨੂੰ ਚੁੱਕਣ ਲਈ ਮਜ਼ਬੂਰ ਕਰੋ।

**ਮੌਤ ਸੰਬੰਧੀ ਰੀਤੀ ਰਿਵਾਜ਼ :**

ਨਾਮਧਾਰੀਆਂ ਵਿਚ ਮੌਤ ਸੰਬੰਧੀ ਵੀ ਕਿਸੇ ਪ੍ਰਕਾਰ ਦੀ ਰਸਮ ਨਹੀਂ ਕੀਤੀ ਜਾਂਦੀ। ਕਿਸੇ ਦੀ ਵੀ ਮੌਤ ਹੋ ਜਾਣ 'ਤੇ ਸੱਚੇ ਪਾਤਸ਼ਾਹ ਜੀ ਦਾ ਹੁਕਮ ਹੈ ਕਿ ਕਿਸੇ ਨੇ ਰੋਣਾ ਨਹੀਂ ਹੈ, ਸਗੋਂ ਪਾਠ ਕਰਨਾ ਹੈ ਤਾਂ ਜੋ ਮਰਨ ਵਾਲੇ ਨੂੰ ਸ਼ਾਂਤੀ ਮਿਲੇ ਰੋ ਕੇ ਉਸਦੇ ਰਸਤੇ ਵਿਚ ਰੁਕਾਵਟ ਨਾ ਬਣੋ। ਨਾਮਧਾਰੀਆਂ ਵਿਚ ਮਰਗ ਦਾ ਭੋਗ ਦਾ ਦਿਨ ਵੀ ਨਿਸਚਿਤ ਨਹੀਂ ਕਿਸੇ ਵੀ ਦਿਨ ਪਾਇਆ ਜਾ ਸਕਦਾ ਹੈ। ਅਖੰਡ ਪਾਠ ਕਰਾਉਣ ਦੀ ਮਰਯਾਦਾ ਨਹੀਂ ਹੈ। ਸਧਾਰਨ ਪਾਠ ਕੀਤਾ ਜਾਂਦਾ ਹੈ। ਕਈ ਵਾਰ ਕਈ ਕਾਰਨਾਂ ਕਰਕੇ ਉਸੇ ਦਿਨ ਵੀ ਭੋਗ ਪਾ ਦਿੱਤਾ ਜਾਂਦਾ ਹੈ। ਛੋਟੇ ਬੱਚੇ ਦੀ ਮੌਤ ਉੱਪਰ ਵੀ ਉਸਦਾ ਦਾਹ ਸੰਸਕਾਰ ਹੀ ਕੀਤਾ ਜਾਂਦਾ ਹੈ। ਦਾਹ ਸੰਸਕਾਰ ਤੋਂ ਬਾਅਦ ਸਭ ਨੂੰ ਸਣੇ ਕੱਪੜੇ ਇਸ਼ਨਾਨ ਕਰਨ ਦਾ ਹੁਕਮ ਹੈ। ਦਾਹ ਸੰਸਕਾਰ ਤੋਂ ਬਾਅਦ ਕੜਾਹ, ਪ੍ਰਸ਼ਾਦਿ ਦੀ ਰਸਮ ਨਹੀਂ ਹੈ। ਮ੍ਰਿਤਕ ਦੇ ਮੂੰਹ ਵਿਚ ਅੰਮ੍ਰਿਤ ਪਾਇਆ ਜਾਂਦਾ ਹੈ। ਸੁਹਾਗਣ ਦੇ ਮਰ ਜਾਣ 'ਤੇ ਵੀ ਉਸਦਾ ਹਾਰ-ਸ਼ਿੰਗਾਰ ਨਹੀਂ ਕੀਤਾ ਜਾਂਦਾ। ਸੱਚੇ ਪਾਤਸ਼ਾਹ ਜੀ ਦਾ ਹੁਕਮ ਹੈ ਕਿ ਨਾਂ ਜੰਮਣ ਦੀ ਜ਼ਿਆਦਾ ਖੁਸ਼ੀ ਮਨਾਉ ਅਤੇ ਨਾ ਹੀ ਕਿਸੇ ਦੇ ਮਰਨ 'ਤੇ ਜ਼ਿਆਦਾ ਦੁੱਖੀ ਹੋਵੇ ਹਮੇਸ਼ਾ ਜੰਮਣ-ਮਰਨ ਨੂੰ ਰੁਟੀਨ ਵਿਚ ਲਵੋ। ਜੋ ਇਸ ਧਰਤੀ 'ਤੇ ਆਇਆ ਹੈ ਉਸਨੇ ਇਕ ਦਿਨ ਜਾਣਾ ਵੀ ਹੈ। ਸੋ ਉਸ ਲਈ ਰੋਣ ਦੀ ਬਜਾਏ ਉਸ ਲਈ ਪਾਠ ਕਰੋ ਤਾਂ ਜੋ ਉਸਦਾ ਅਗਲਾ ਰਸਤਾ ਸਾਫ਼ ਹੋਵੇ।

**ਨਾਮਧਾਰੀ ਸੰਪਰਦਾ ਵਿਚ ਆ ਰਹੇ ਪਰਿਵਰਤਨ**

ਨਾਮਧਾਰੀ ਸੰਪਰਦਾ ਨੂੰ ਨਾਮ ਬਾਣੀ ਜਪਣ ਵਾਲੀ ਸੰਪਰਦਾ ਵੀ ਕਿਹਾ ਜਾਂਦਾ ਹੈ। ਕਿਉਂਕਿ ਨਾਮਧਾਰੀ ਨਾਮ ਤੋਂ ਹੀ ਲਗਦਾ ਹੈ ਕਿ ਨਾਮ ਨੂੰ ਧਾਰਨ ਵਾਲੇ, ਨਾਮ ਜਪਣ ਵਾਲੇ। ਨਾਮਧਾਰੀ ਪੰਥ ਦੇ ਅੰਦਰ ਗੁਰਬਾਣੀ ਦਾ ਮਾਣ ਬਹੁਤ ਕੀਤਾ ਜਾਂਦਾ ਹੈ। ਇਸ ਸੰਸਥਾ ਦੀ ਨੀਂਵ ਹੀ ਨਾਮ ਅਤੇ ਬਾਣੀ ਤੋਂ ਰੱਖੀ ਗਈ ਹੈ।

ਕਿਸੇ ਵੀ ਸੰਪਰਦਾ ਦਾ ਮਿਸ਼ਨ ਅਤੇ ਮਰਯਾਦਾ ਦੀ ਬਣਤਰ ਅਤੇ ਸਰੂਪ ਉਸ ਸੰਪਰਦਾ ਦੇ ਪੈਰੋਕਾਰਾਂ ਦੇ ਸਮਾਜਿਕ ਪਿਛੋਕੜ ਨਾਲ ਜੁੜਿਆ ਹੁੰਦਾ ਹੈ। ਸਮੇਂ ਅਨੁਸਾਰ ਜਿਵੇਂ-ਜਿਵੇਂ ਇਨ੍ਹਾਂ ਪੈਰੋਕਾਰਾਂ ਦੀ ਪਿੱਠ-ਭੂਮੀ ਬਦਲਦੀ ਰਹਿੰਦੀ ਹੈ, ਉਸ ਤਰ੍ਹਾਂ ਉਨ੍ਹਾਂ ਦੀ ਮਾਣ ਮਰਯਾਦਾ ਅਤੇ ਵਿਸ਼ਵਾਸ ਵੀ ਬਦਲਦੇ ਰਹਿੰਦੇ ਹਨ। ਇਨ੍ਹਾਂ ਸੰਪਰਦਾਵਾਂ ਅਤੇ ਡੇਰਿਆਂ ਦੀ ਲੀਡਰਸ਼ਿਪ ਇਸ ਵਰਤਾਰੇ ਬਾਰੇ ਕਾਫ਼ੀ ਸੁਚੇਤ ਰਹਿੰਦੀ ਹੈ ਅਤੇ ਉਹ ਬਦਲਦੀਆਂ ਸਮਕਾਲੀ ਅਤੇ ਰਾਜਨੀਤਕ ਪ੍ਰਸਥਿਤੀਆਂ ਅਨੁਸਾਰ ਆਪਣੀ ਰਹਿਤ ਮਰਯਾਦਾਵਾਂ ਸਿਰਜਦੇ ਹਨ।

ਨਾਮਧਾਰੀ ਸੰਪਰਦਾ ਸੁੱਚ-ਸੋਧ ਵਾਲੀ ਸੰਪਰਦਾ ਮੰਨੀ ਜਾਂਦੀ ਹੈ। ਸਤਿਗੁਰੂ ਰਾਮ ਸਿੰਘ ਜੀ ਨੇ ਸਭ ਤੋਂ ਪਹਿਲਾਂ ਆਪਣੀ ਸੰਪਰਦਾ ਨੂੰ ਰਹਿਤ ਮਰਯਾਦਾ ਬਾਰੇ ਹੀ ਦੱਸਿਆ ਸੀ ਤੇ ਉਹਨਾਂ ਦਾ ਪਹਿਲਾ ਹੁਕਮਨਾਮਾ ਹੀ ਰਹਿਤ ਮਰਯਾਦਾ ਸੀ ਕਿ ਹਰ ਨਾਮਧਾਰੀ ਸਿੱਖ ਨੇ ਕਿਸ ਪ੍ਰਕਾਰ ਰਹਿਣਾ ਹੈ, ਉਸ ਵਿਚ ਕਿਹੜੇ-ਕਿਹੜੇ ਗੁਣ ਹੋਣੇ ਚਾਹੀਦੇ ਹਨ। ਉਹ ਸੋਧੀ ਹੋਵੇ, ਸਵੇਰੇ ਜਲਦੀ ਉੱਠ ਕੇ, ਇਸ਼ਨਾਨ ਕਰਕੇ ਨਾਮ ਸਿਮਰਨ ਕਰੇ, ਕਿਸੇ ਦਾ ਜੂਠਾ ਨਹੀਂ ਖਾਣਾ, ਪੰਜ ਕਕਾਰ ਪਾ ਕੇ ਰੱਖਣਾ, ਅੰਮ੍ਰਿਤਧਾਰੀ ਬਣੋ, ਸੁੱਚਮਤਾ, ਸਫ਼ਾਈ ਰੱਖੋ, ਜੰਗਲ ਮਦਾਨ ਜਾ ਕੇ ਇਸ਼ਨਾਨ ਕਰੋ। ਗੈਰ ਸੋਧੀ ਦੇ ਘਰ ਨਹੀਂ ਖਾਣਾ, ਗੈਰ ਨਾਮਧਾਰੀਆਂ ਦੇ ਘਰ ਵਿਆਹ ਨਹੀਂ ਕਰਨਾ, ਬਾਹਰ ਹੋਟਲਾਂ ਦਾ ਖਾਣਾ ਨਹੀਂ ਖਾਣਾ। ਮੁੰਡੇ-ਕੁੜੀ ਵਿਚ ਫ਼ਰਕ ਨਹੀਂ ਰੱਖਣਾ, ਆਦਿ ਮਰਯਾਦਾਵਾਂ ਹਨ।

ਪਹਿਲਾਂ ਨਾਮਧਾਰੀਆਂ ਵਿਚ ਬਹੁਤ ਹੀ ਜ਼ਿਆਦਾ ਕੱਟੜਤਾ ਸੀ। ਉਹ ਪੂਰੇ ਸੁੱਚ ਸੋਧੀ ਸਨ ਅਤੇ ਸਾਰੇ ਹੀ ਕਿਰਸਾਨੀ ਕਿੱਤਾ ਕਰਦੇ ਸਨ, ਪਸ਼ੂ ਰੱਖਦੇ ਸਨ ਘਰ ਦਾ ਦੁੱਧ ਘਿਉ ਸੀ। ਸ਼ੁੱਧ ਭੋਜਨ ਕਰਦੇ ਸੀ ਤੰਦਰੁਸਤ ਰਹਿੰਦੇ ਸੀ। ਫਜ਼ੂਲ ਖਰਚੀ ਤੋਂ ਕੋਹਾਂ ਦੂਰ ਸੀ। ਨਾ ਕੁੜੀਆਂ ਦੇ ਵਿਆਹ ਦੀ ਫ਼ਿਕਰ, ਸਾਦੇ ਵਿਆਹ ਕਰਦੇ ਸੀ ਨਾ ਦਹੇਜ਼ ਦੀ ਫ਼ਿਕਰ, ਹਰ ਚੀਜ਼ ਤੋਂ ਮੁਕਤ ਸਨ ਅਤੇ ਬਹੁਤ ਹੀ ਵਧੀਆ ਖੁਸ਼ਹਾਲ ਜੀਵਨ ਬਤੀਤ ਕਰਦੇ ਸਨ। ਮਰਯਾਦਾ ਵਿਚ ਰਹਿ ਕੇ ਉਹ ਆਪਣੇ ਆਪ ਨੂੰ ਭਾਗਾਂ ਵਾਲੇ ਮੰਨਦੇ ਸਨ। ਪਰ ਅੱਜ ਦੇ ਇੰਟਰਨੈੱਟ ਦੇ ਜ਼ਮਾਨੇ ਨੇ ਨਾਮਧਾਰੀਆਂ ਦੀ ਰਹਿਣੀ-ਸਹਿਣੀ ਉੱਪਰ ਵੀ ਕਾਫ਼ੀ ਪ੍ਰਭਾਵ ਪਾਇਆ ਹੈ। ਉਦਯੋਗਿਕ ਵਿਕਾਸ ਤੇ ਸ਼ਹਿਰੀਕਰਨ ਨੇ ਨਾਮਧਾਰੀਆਂ ਦੇ ਕਿੱਤਿਆਂ ਦੀ ਰਹਿਣੀ-ਸਹਿਣੀ ਉੱਪਰ ਵੀ ਕਾਫ਼ੀ ਪ੍ਰਭਾਵ ਪਾਇਆ ਹੈ।

ਉਦਯੋਗਿਕ ਵਿਕਾਸ ਤੇ ਸ਼ਹਿਰੀਕਰਨ ਨੇ ਨਾਮਧਾਰੀਆਂ ਦੇ ਕਿੱਤਿਆਂ ਦੀ ਰੂਪਰੇਖਾ ਹੀ ਬਦਲ ਕੇ ਰੱਖ ਦਿੱਤੀ ਹੈ। ਨਾਮਧਾਰੀ ਸੰਪਰਦਾ ਵਿਚ ਹੁਣ ਬਹੁਤ ਸਾਰੇ ਪਰਿਵਰਤਨ ਆ ਚੁੱਕੇ ਹਨ। ਨਾਮਧਾਰੀ ਸੰਪਰਦਾ ਵਿਚ ਪਰਿਵਰਤਨਾਂ ਦੀ ਗੱਲ ਕਰਨ ਵੇਲੇ ਆਪਾਂ ਸਭ ਤੋਂ ਪਹਿਲਾਂ ਧਾਰਮਿਕ ਪੱਖ ਤੋਂ ਨਾਮਧਾਰੀ ਸੰਪਰਦਾ ਵਿਚ ਆਏ ਪਰਿਵਰਤਨਾਂ ਬਾਰੇ ਦੱਸਾਂਗੇ।

**ਧਾਰਮਿਕ ਪੱਖ**

| | |
|---|---|
| ਪਹਿਲਾਂ ਦੇ ਸਮੇਂ ਵਿਚ ਨਾਮਧਾਰੀ ਅੰਮ੍ਰਿਤ ਵੇਲੇ ਦਾ ਆਪਣਾ ਸਿਮਰਨ ਰੋਜ਼ ਕਰਦੇ ਸੀ ਤੇ ਦਿਨ ਦੇ ਸਮੇਂ ਵੀ ਭਜਨ ਕਰਦੇ ਰਹਿੰਦੇ ਸੀ। | ਅੱਜ ਦੇ ਸਮੇਂ ਵਿਚ ਮਸ਼ੀਨੀਕਰਨ ਦੇ ਯੁੱਗ ਵਿਚ ਨਾਮਧਾਰੀ ਸਿਰਫ਼ ਖੇਤੀਬਾੜੀ ਤੱਕ ਹੀ ਸੀਮਤ ਨਾ ਰਹਿ ਕੇ ਫੈਕਟਰੀਆਂ ਵਿਚ ਕੰਮ ਕਰ ਰਹੇ ਹਨ। ਰਾਤ ਦੀਆਂ ਸ਼ਿਫ਼ਟਾਂ ਅਤੇ ਦਿਨ ਦੀ ਭੱਜ-ਦੌੜ ਨੇ ਉਨ੍ਹਾਂ ਦੇ ਅੰਮ੍ਰਿਤ ਵੇਲੇ ਨਾਮ ਸਿਮਰਨ ਕਰਨ ਦੀ ਰੀਤ ਨੂੰ ਪ੍ਰਭਾਵਿਤ ਕੀਤਾ ਹੈ। |
| ਪਹਿਲਾਂ ਨਾਮਧਾਰੀ ਇੰਨੇ ਕੱਟੜ ਸਨ ਕਿ ਉਹ ਸਿਰਫ਼ ਭੈਣੀ ਸਾਹਿਬ ਹੀ ਜਾਂਦੇ ਸਨ ਕਿਸੇ ਹੋਰ ਗੁਰਦੁਆਰੇ ਜਾਂ ਧਾਰਮਿਕ ਸਥਾਨ 'ਤੇ ਨਹੀਂ ਜਾਂਦੇ ਸਨ। | ਅੱਜ ਦੇ ਸਮੇਂ ਵਿਚ ਨਾਮਧਾਰੀਆਂ ਗੁਰਦੁਆਰਿਆਂ ਵਿਚ ਜਾਣ ਲੱਗੇ ਹਨ ਤੇ ਆਪਣੇ ਵੱਖ-ਵੱਖ ਕਿੱਤਿਆਂ ਕਰਕੇ ਵੱਖ-ਵੱਖ ਲੋਕਾਂ ਨਾਲ ਜੁੜੇ ਹੋਣ ਕਰਕੇ ਹੋਰ ਧਾਰਮਿਕ ਸਥਾਨਾਂ 'ਤੇ ਵੀ ਜਾਣ ਲੱਗੇ ਹਨ। |
| ਪਹਿਲਾਂ ਸਵੇਰੇ ਇਸ਼ਨਾਨ ਕਰਨ ਸਮੇਂ ਕੇਸੀ ਇਸ਼ਨਾਨ ਰੋਜ਼ ਕਰਦੇ ਸਨ ਕਿਉਂਕਿ ਇਹ ਸੱਚੇ ਪਾਤਸ਼ਾਹ ਜੀ ਦਾ ਹੁਕਮ ਹੈ ਕਿ ਇਸ਼ਨਾਨ ਕਰਨ ਵੇਲੇ ਕੇਸਾਂ ਵਿਚ ਪਾਣੀ ਜ਼ਰੂਰ ਪਾਉ। | ਪਰ ਅੱਜ ਦੇ ਸਮੇਂ ਵਿਚ ਸਾਰੇ ਹੀ ਇੰਨੇ ਕੰਮਾਂ ਵਿਚ ਉਲਝ ਗਏ ਹਨ ਕਿ ਉਨ੍ਹਾਂ ਕੋਲ ਆਪਣੇ ਲਈ ਸਮਾਂ ਹੀ ਨਹੀਂ ਹੈ। ਤੇ ਜਲਦੀ ਜਾਣ ਦੀ, ਜਲਦੀ ਪਹੁੰਚਣ ਕਰਕੇ ਉਹ ਸਿਰਫ਼ ਇਸ਼ਨਾਨ ਹੀ ਕਰਦੇ ਹਨ ਤੇ ਕਿਤੇ ਨਿਤਨੇਮ ਤੇ ਅਗਰ ਜਾਣਾ ਹੋਵੇ ਫਿਰ ਹੀ ਕੇਸਾਂ ਵਿਚ ਪਾਣੀ ਪਾਉਂਦੇ ਹਨ। |
| ਪਹਿਲਾ ਨਾਮਧਾਰੀ ਦਾ ਪੱਕਾ ਨੇਮ ਸੀ ਉਹ ਭੋਜਨ ਛਕਣ ਉਪਰੰਤ ਅਰਦਾਸ ਜ਼ਰੂਰ ਕਰਦੇ ਸਨ। | ਪਰ ਅੱਜ ਦੇ ਸਮੇਂ ਵਿਚ ਅਧਿਐਨ ਤੋਂ ਪਤਾ ਲੱਗਿਆ ਹੈ ਕਿ ਅਰਦਾਸ ਜ਼ਰੂਰੀ ਹੈ ਪਰ ਅੱਜ ਦੀ ਭੱਜ-ਦੌੜ ਵਾਲੀ ਜ਼ਿੰਦਗੀ ਕਾਰਨ ਉਹ ਕਰ ਹੀ ਨਹੀਂ ਪਾਉਂਦੇ। |
| ਪਹਿਲਾਂ ਦੇ ਸਮੇਂ ਵਿਚ ਨਾਮਧਾਰੀ ਬਹੁਤ ਹੀ ਸੋਧ ਰੱਖਣ ਵਾਲੇ ਸਨ। ਕਈ ਤਾਂ ਹਮੇਸ਼ਾ ਹੀ ਸੋਧ ਰੱਖਦੇ ਸਨ ਫਿਰ ਨਾਂ ਹੀ ਕਿਸੇ ਦੇ ਘਰ ਦਾ ਖਾਣਾ ਅਤੇ ਨਾ ਹੀ ਕਿਸੇ ਗੈਰ ਸੋਧੀ ਦੇ ਹੱਥ ਦਾ ਖਾਣਾ। | ਪਰ ਅੱਜ ਦੇ ਸਮੇਂ ਵਿਚ ਘੱਟ ਗਿਣਤੀ ਪੱਕੇ ਸੋਧੀ ਰਹਿ ਗਏ ਹਨ। ਪੱਕੇ ਸੋਧੀ ਵੀ ਪੁਰਾਣੇ ਬਜ਼ੁਰਗ ਹਨ। ਅੱਜ ਦੀ ਵੀ ਨਵੀਂ ਪੀੜ੍ਹੀ ਬਹੁਤ ਘੱਟ ਸੋਧੀ ਹੈ। ਪਰ ਅੱਸੂ ਦੇ ਮਹੀਨੇ ਵਿਚ 40 ਦਿਨ ਦੀ ਸੋਧ ਅੱਜ ਵੀ ਨਾਮਧਾਰੀ ਰੱਖ ਲੈਂਦੇ ਹਨ। |
| **ਸਮਾਜਿਕ ਪੱਖ** ਪਹਿਲਾਂ ਦੇ ਸਮੇਂ ਵਿਚ ਨਾਮਧਾਰੀ ਇਸਤਰੀ/ਮਰਦ ਜ਼ਿਆਦਾਤਰ ਸਫ਼ੈਦ ਕੱਪੜੇ ਹੀ ਪਹਿਨਦੇ ਸਨ। ਪਹਿਲਾਂ ਨਾਮਧਾਰੀ ਨੀਲੇ ਕਾਲੇ ਰੰਗਾਂ ਦੇ ਕੱਪੜਿਆਂ ਦੀ ਵਰਤੋਂ ਬਿਲਕੁਲ ਵੀ ਨਹੀਂ ਕਰਦੇ ਸਨ। | ਪਰ ਅੱਜ ਦੇ ਸਮੇਂ ਵਿਚ ਇਸਤਰੀ/ਮਰਦ ਹੋਰ ਰੰਗਾਂ ਦੇ ਕੱਪੜੇ ਵੀ ਪਾਉਣ ਲੱਗ ਪਏ ਹਨ ਪਰ ਅੱਜ ਦੀ ਨਵੀਂ ਪੀੜ੍ਹੀ ਆਪਣੇ ਪਹਿਰਾਵੇ ਵਿਚ ਨੀਲਾ/ਕਾਲਾ ਰੰਗ ਪਾ ਲੈਂਦੀ ਹੈ। |

| | |
|---|---|
| ਪਹਿਲਾਂ ਨਾਮਧਾਰੀ ਦੇ ਲੜਕੇ ਸਿਰਫ਼ ਕੁੜਤਾ ਪਜ਼ਾਮੀ ਹੀ ਪਹਿਨਦੇ ਸਨ। ਪਹਿਲਾਂ ਸਕੂਲਾਂ ਵਿਚ ਨਾਮਧਾਰੀ ਬੱਚੇ ਸਕੂਲਾਂ ਵਿਚ ਆਪਣਾ ਹੀ ਪਹਿਰਾਵਾ ਪਾ ਕੇ ਜਾਂਦੇ ਸਨ। | ਪਰ ਅੱਜ ਕੱਲ ਦੇ ਨਾਮਧਾਰੀ ਲੜਕੇ ਪੈਂਟ ਸ਼ਰਟ ਵੀ ਪਾਉਣ ਲੱਗ ਗਏ ਹਨ। ਪਰ ਅੱਜ ਕੱਲ੍ਹ ਨਾਮਧਾਰੀ ਬੱਚੇ ਸਕੂਲਾਂ ਵਿਚ ਵਰਦੀ ਪਾ ਕੇ ਜਾਣ ਲੱਗੇ ਹਨ। |
| ਪਹਿਲਾਂ ਨਾਮਧਾਰੀ ਲੜਕੀਆਂ ਵੀ ਸਾਦਾ ਪਹਿਰਾਵਾ ਹੀ ਪਹਿਨਦੀਆਂ ਸਨ। ਉਹ ਹਮੇਸ਼ਾ ਬਿਨਾ ਮੂਹਰੀ ਵਾਲੀ ਸਲਵਾਰ ਹੀ ਪਹਿਨਦੀਆਂ ਸਨ। | ਪਰ ਅੱਜ ਦੇ ਸਮੇਂ ਵਿਚ ਨਾਮਧਾਰੀ ਲੜਕੀਆਂ ਪਜ਼ਾਮੇ, ਮੂਹਰੀ ਵਾਲੀ ਸਲਵਾਰ, ਪੈਂਟ ਪਜ਼ਾਮੀਆਂ ਆਦਿ ਸਭ ਪਾਉਣ ਲੱਗ ਗਈਆਂ ਹਨ। |
| ਪਹਿਲਾਂ ਨਾਮਧਾਰੀ ਇਸਤਰੀਆਂ ਹਾਰ ਸ਼ਿੰਗਾਰ ਨਹੀਂ ਕਰਦੀਆਂ ਸਨ ਅਤੇ ਨਾ ਕੰਨ, ਨੱਕ ਵਿੰਨ੍ਹਣ ਦਾ ਰਿਵਾਜ਼ ਸੀ। | ਪਰ ਅੱਜ ਦੇ ਸਮੇਂ ਵਿਚ ਨਾਮਧਾਰੀ ਔਰਤਾਂ/ਲੜਕੀਆਂ ਹਾਰ-ਸ਼ਿੰਗਾਰ ਵੀ ਕਰਨ ਲੱਗ ਗਈਆਂ ਹਨ ਅਤੇ ਨੱਕ, ਕੰਨ ਵੀ ਵਿੰਨ੍ਹਣ ਲੱਗ ਗਈਆਂ ਹਨ। |
| ਪਹਿਲਾਂ ਨਾਮਧਾਰੀ ਇਸਤਰੀਆਂ ਸਾਦਾ ਵਿਆਹ ਕਰਕੇ ਵਿਆਹ ਤੋਂ ਬਾਅਦ ਵੀ ਬਿਲਕੁਲ ਸਾਦਾ ਹੀ ਰਹਿੰਦੀਆਂ ਸਨ ਕਿ ਪਤਾ ਹੀ ਨਹੀਂ ਲਗਦਾ ਉਹ ਵਿਆਹੀ ਹੈ ਜਾਂ ਕੁਆਰੀ। ਉਹ ਚੂੜਾ ਵੀ ਨਹੀਂ ਪਾਉਂਦੀਆਂ ਸਨ। | ਪਰ ਅੱਜ ਦੇ ਸਮੇਂ ਵਿਚ ਨਾਮਧਾਰੀ ਲੜਕੀਆਂ ਦੇ ਵਿਆਹ ਤਾਂ ਸਾਦੇ ਹੀ ਹੁੰਦੇ ਪਰ ਲੜਕੀਆਂ ਵਿਆਹ ਤੋਂ ਬਾਅਦ ਸ਼ਿੰਗਾਰ ਵੀ ਕਰਨ ਲੱਗੀਆਂ ਹਨ ਅਤੇ ਉਹ ਚੂੜਾ ਵੀ ਪਾਉਣ ਲੱਗ ਗਈਆਂ ਹਨ। |
| ਪਹਿਲਾਂ ਨਾਮਧਾਰੀ ਮਰਯਾਦਾ ਅਨੁਸਾਰ ਲੜਕੀ ਵਿਆਹ ਤੋਂ ਬਾਅਦ 15 ਦਿਨ ਸਹੁਰੇ ਰਹਿੰਦੀਆਂ ਸੀ। | ਪਰ ਅੱਜ ਦੇ ਸਮੇਂ ਵਿਚ ਲੜਕੀਆਂ ਵਿਆਹ ਤੋਂ ਬਾਅਦ ਫੇਰਾ ਪਾ ਲੈਂਦੀਆਂ ਹਨ। |
| ਪਹਿਲਾਂ ਨਾਮਧਾਰੀ ਬਿਲਕੁਲ ਸਾਦਾ ਵਿਆਹ ਕਰਦੇ ਸਨ ਕੋਈ ਫਜ਼ੂਲ ਖਰਚ ਨਹੀਂ ਕਰਦੇ ਸਨ। ਪਹਿਲਾਂ ਨਾਮਧਾਰੀ ਵਿਚ ਸਿਰਫ਼ ਸਮੂਹਿਕ ਵਿਆਹ ਹੀ ਕੀਤੇ ਜਾਂਦੇ ਸਨ ਅਤੇ ਕਿਸੇ ਖ਼ਾਸ ਮੌਕਿਆਂ 'ਤੇ ਮੇਲਿਆਂ ਉੱਪਰ ਹੀ ਵਿਆਹ ਕੀਤੇ ਜਾਂਦੇ ਸਨ। | ਪਰ ਅੱਜ ਕੱਲ੍ਹ ਵਿਆਹ ਪੈਲਸਾਂ ਵਿਚ ਹੋਣ ਲੱਗੇ ਹਨ। ਅੱਜ ਦੇ ਸਮੇਂ ਵਿਚ ਨਾਮਧਾਰੀਆਂ ਵਿਚ ਇਕ ਵਿਆਹ ਵੀ ਕਰ ਦਿੱਤਾ ਜਾਂਦਾ ਹੈ ਤੇ ਕਿਸੇ ਵੀ ਦਿਨ ਕਰ ਦਿੰਦੇ ਹਨ। |
| ਪਹਿਲਾਂ ਨਾਮਧਾਰੀ ਗੈਰ ਨਾਮਧਾਰੀਆਂ ਦੇ ਘਰ ਦਾ ਬਣਿਆ ਖਾਣਾ ਨਹੀਂ ਖਾਂਦੇ ਸਨ। | ਪਰ ਅੱਜ ਦੇ ਸਮੇਂ ਵਿਚ ਨਾਮਧਾਰੀ ਗੈਰ ਨਾਮਧਾਰੀਆਂ ਦੇ ਨਾਲ ਖਾ/ਪੀ ਲੈਂਦੇ ਹਨ। |

ਅੰਤ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਅਧਿਐਨ ਕਰਨ ਤੋਂ ਨਾਮਧਾਰੀਆਂ ਦੀ ਰਹਿਣੀ-ਬਹਿਣੀ ਬਾਰੇ ਪਤਾ ਲੱਗਿਆ ਹੈ ਜਿਸ ਤੋਂ ਉਨ੍ਹਾਂ ਵਿਚ ਆ ਰਹੇ ਪਰਿਵਰਤਨਾਂ ਬਾਰੇ ਪਤਾ ਲੱਗਿਆ ਹੈ।

**ਪੁਸਤਕ ਸੂਚੀ**


1. ਟਾਇਲਰ, ਐਡਵਰਡ ਬਰਨਟ, ਪਰਮਿਟਿਵ ਕਲਚਰ, ਕੈਬਰਿਜ਼ ਯੂਨੀਵਰਸਿਟੀ, ਪ੍ਰੈਸ, 1871

2. ਫਰੇਜ਼ਰ, ਜੇਮਜ ਜੋਰਜ਼, ਦ ਗੋਲਡਨ ਬਾਉਘ, ਪੇਗਿਵਨ ਬੂਕਸ, 1890

3. ਅਣਜਾਣ, ਤਾਰਾ ਸਿੰਘ, ਸਭਹਨ ਕੇ ਸਿਰਮੌਰ, ਦਿੱਲੀ : ਨਵਯੁਗ ਪ੍ਰੈੱਸ, 1996

4. ਸਿੰਘ, ਨਾਹਰ, ਨਾਮਧਾਰੀ ਇਤਿਹਾਸ, ਨਵੀਂ ਦਿੱਲੀ : ਨਿਊ ਏਜ਼ ਪ੍ਰਿੰਟਿੰਗ ਐੱਸ, 1957

**ਬਾਕੀ ਪੰਨਾ ਨੰ 'ਤੇ**



# ਨਸ਼ੇ ਦਾ ਕਹਿਰ

**ਨਰੈਣ ਸਿੰਘ ਜਲੰਧਰ**

ਸੱਥਰਾਂ ਦਾ ਵਣਜਾਰਾ ਤੇ ਸਧਰਾਂ ਦਾ ਹਤਿਆਰਾ ਸਾਡੇ ਗੁਰੂ ਪੀਰਾਂ ਦੀ ਧਰਤੀ ਪੰਜਾਬ ਵਿੱਚ ਨਿਰੰਤਰ ਸ਼ੂਕ ਰਿਹਾ ਛੇਵਾਂ ਦਰਿਆ।

ਨਸ਼ੇ ਨੇ ਲਈ ੨ ਸਕੇ ਭਰਾਵਾਂ ਦੀ ਜਾਨ, ਵੱਡੇ ਦੇ ਭੋਗ ਤੋਂ ਪਹਿਲਾਂ ਛੋਟੇ ਦੀ ਵੀ ਮੌਤ, ਉਜੜਿਆ ਪਰਿਵਾਰ... ਵੱਡੇ ਭਰਾ ਦਾ 10 ਮਹੀਨੇ ਪਹਿਲਾਂ ਵਿਆਹ ਹੋਇਆ ਸੀ.......ਇਕ ਖ਼ਬਰ!

ਇਹ ਸਾਡੇ ਵਾਸਤੇ ਸਿਰਫ਼ ਇਕ ਖ਼ਬਰ ਹੈ! ਪਰਿਵਾਰ ਵਾਲਿਆਂ ਲਈ ਕੀ ਹੈ? ਕੋਈ ਨਹੀਂ ਸਮਝ ਅਤੇ ਮਹਿਸੂਸ ਕਰ ਸਕਦਾ।

ਰਾਸ਼ਟਰਮੰਡਲ ਖੇਡਾਂ 'ਚ ਤਮਗਾ ਜੇਤੂ ਪੂਜਾ ਨਾਂਦਲ ਦੇ ਪਤੀ ਦੀ ਨਸ਼ੇ ਦੀ ਓਵਰਡੋਜ਼ ਨਾਲ ਮੌਤ, 9 ਮਹੀਨੇ ਪਹਿਲਾਂ ਹੋਇਆ ਸੀ ਵਿਆਹ।

ਪਿਛਲੇ ਦਿਨੀਂ ਅਖ਼ਬਾਰਾਂ ਵਿੱਚ ਖ਼ਬਰ ਛਪੀ ਕਿ ਜਲੰਧਰ ਦੀ ਇਕ ਅਮੀਰ ਰਹਾਇਸ਼ੀ ਕਾਲੋਨੀ ਵਿੱਚ ਇੱਕ ਅੱਲ੍ਹੜ ਵਰੇਸੀ ਨੌਜਵਾਨ ਨੇ ਆਪਣੇ ਫੁੱਫੜ ਨੂੰ ਚਾਕੂ ਨਾਲ ਇਸ ਕਰਕੇ ਕਤਲ ਕਰ ਦਿੱਤਾ ਕਿਉਂਕਿ ਉਹ ਉਸਨੂੰ ਨਸ਼ਾ ਕਰਨ ਲਈ ਪੈਸੇ ਦੇਣ ਤੋਂ ਮਨ੍ਹਾਂ ਕਰਦਾ ਸੀ। ਸਿਤਮਜ਼ਰੀਫੀ ਵੇਖੋ ਇਹੋ ਨਸ਼ੇੜੀ ਗੱਭਰੂ ਉਸ 65 ਸਾਲਾ ਬਜ਼ੁਰਗ ਦੇ ਕੋਲ ਉਸਦੀ ਦੇਖ ਭਾਲ ਕਰਦਾ ਸੀ ਅਤੇ ਉਸਦੇ ਕੋਲ ਹੀ ਰਹਿੰਦਾ ਸੀ।

ਉਸ ਨੇ ਪੁਲਿਸ ਸਾਹਮਣੇ ਆਪਣਾ ਜ਼ੁਰਮ ਕਬੂਲ ਕਰਦਿਆਂ ਕਿਹਾ ਕਿ ਉਸਨੂੰ ਭੰਗ ਸੇਵਨ ਦੀ ਲੱਤ ਲੱਗੀ ਹੋਈ ਸੀ ਕਿਉਂਕਿ ਇਹ ਨਸ਼ਾ ਸਸਤਾ ਅਤੇ ਸਹਿਜੇ ਹੀ ਹਾਸਲ ਹੋ ਜਾਂਦਾ ਸੀ।

ਨਸ਼ੇ ਦੀ ਲੋਰ ਵਿੱਚ ਹੀ ਉਸਨੇ ਕਤਲ ਕੀਤੇ ਬਜ਼ੁਰਗ ਦੇ ਮਨੀਲਾ ਰਹਿੰਦੇ ਸਪੁੱਤਰ ਨੂੰ ਫ਼ੋਨ ਕਰਕੇ ਖੁਦ ਸੂਚਨਾ ਦਿੱਤੀ ਕਿ ਉਸਨੇ ਉਸ ਦੇ ਪਿਤਾ ਨੂੰ ਮਾਰ ਦਿੱਤਾ ਹੈ ਕਿਉਂਕਿ ਉਹ ਉਸਨੂੰ ਨਸ਼ੇ ਵਾਸਤੇ ਪੈਸੇ ਨਹੀਂ ਸੀ ਦੇ ਰਿਹਾ ਬਾਵਜੂਦ ਇਸ ਦੇ ਕਿ ਉਸ ਬਜ਼ੁਰਗ ਕੋਲ ਬਹੁਤ ਪੈਸਾ ਸੀ।

ਨਸ਼ਿਆਂ ਦੀ ਆਦਤ ਕਾਰਨ ਇਕ ਪੁੱਤਰ ਨੇ ਘਰ ਹਥਿਆਉਣ ਅਤੇ ਵੇਚਣ ਲਈ, 85 ਸਾਲਾਂ ਦੀ ਆਪਣੀ ਮਾਂ ਨੂੰ ਬਠਿੰਡੇ ਦੇ ਥਰਮਲ ਪਲਾਂਟ ਦੀ ਝੀਲ ਵਿਚ ਧੱਕਾ ਦੇ ਦਿੱਤਾ ਅਤੇ ਪੁਲਿਸ ਕੋਲ ਮਾਂ ਦੇ ਲਾਪਤਾ ਹੋਣ ਦੀ ਰਿਪੋਰਟ ਲਿਖਵਾਈ। ਤਿੰਨ ਦਿਨਾਂ ਮਗਰੋਂ ਜਦੋਂ ਲਾਸ਼ ਲੱਭੀ ਤਾਂ ਪੁਲਿਸ ਨੇ ਪੁੱਤਰ ਨੂੰ ਲਾਸ਼ ਪਛਾਣਨ ਲਈ ਬੁਲਾਇਆ। ਪੁੱਤਰ ਨੇ ਕਿਹਾ ਮੇਰੀ ਮਾਂ ਇਹੋ ਜਿਹੀ ਨਹੀਂ ਸੀ।

ਲਗਭਗ ਸਾਲ ਮਗਰੋਂ ਆਪਣੇ ਦੋਸਤ ਨਾਲ, ਖਾਂਦਿਆਂ ਪੀਂਦਿਆਂ ਪੁੱਤਰ ਨੇ ਆਪਣਾ ਕਾਰਨਾਮਾ ਆਪਣੇ ਦੋਸਤ ਨੂੰ ਦੱਸਿਆ। ਦੋਸਤ ਦੀ ਜ਼ਮੀਰ ਨੇ ਉਸ ਨੂੰ ਝੰਜੋੜਿਆ, ਉਸ ਨੇ ਸਭ ਕੁੱਝ ਪੁਲਿਸ ਨੂੰ ਦੱਸਿਆ ਅਤੇ ਪੁੱਤਰ ਫੜਿਆ ਗਿਆ।

ਫਗਵਾੜਾ ਦੇ ਇੱਕ ਪਿੰਡ ਬਾਰੇ ਪਿਛਲੇ ਦਿਨੀਂ ਇੱਕ ਵੀਡੀਓ ਬਹੁਤ ਵਾਇਰਲ ਹੋਈ ਜਿਸ ਵਿੱਚ ਇਕ ਤਿੰਨ ਮੰਜ਼ਿਲਾ ਬਹੁਤ ਆਲੀਸ਼ਾਨ ਕੋਠੀ ਦੀਆਂ ਚੁਗਾਠਾਂ ਤੱਕ ਪ੍ਰਵਾਰ, ਜਿਸ ਵਿੱਚ ਮਾਂ ਅਤੇ ਉਸ ਦੇ ਦੋ ਗਭਰੂ ਨੌਜਵਾਨ ਪੁੱਤਰ ਰਹਿੰਦੇ ਸਨ,ਉਖਾੜ ਕੇ ਵੇਚ ਦਿੱਤੀਆਂ ਸਨ ਤਾਂ ਕਿ ਉਹ ਆਪਣੇ ਨਸ਼ੇ ਦੀ ਲੱਤ ਦੀ ਪੂਰਤੀ ਕਰ ਸਕਣ। ਮਾਂ ਕਾਫ਼ੀ ਪੜ੍ਹੀ ਲਿਖੀ ਜਾਪਦੀ ਸੀ। ਜਦੋਂ ਪਿੰਡ ਵਾਲਿਆਂ ਨੇ ਉਨ੍ਹਾਂ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਤਾਂ ਉਹ ਪਿੰਡ ਵਾਲਿਆਂ ਨਾਲ ਹੱਥੋ ਪਾਈ ਹੋ ਗਏ।

ਕੁੱਝ ਦਿਨ ਪਹਿਲਾਂ ਹੀ ਇੱਕ ਵੀਡੀਓ ਵਾਇਰਲ ਹੋਈ ਜਿਸ ਵਿੱਚ ਇਕ ਬਹੁਤ ਹੀ ਖੂਬਸੂਰਤ ਅਤੇ ਭਰਵਾਂ ਗਭਰੂ ਖੇਤਾਂ ਦੇ ਬਾਹਰਲੀ ਸੜਕ ਤੇ ਆਪਣੀ ਅੰਦਰੋਂ ਬੰਦ ਕਾਰ ਵਿਚ ਨਸ਼ੇ ਦੀ ਓਵਰਡੋਜ ਕਾਰਨ ਮਰਿਆ ਪਿਆ ਸੀ। ਕਾਰ ਦਾ ਏ ਸੀ ਚੱਲ ਰਿਹਾ ਸੀ ਅਤੇ ਨਸ਼ੇ ਦੀ ਸਰਿੰਜ ਉਸ ਦੇ

ਸਰੀਰ ਵਿੱਚ ਉਸੇ ਤਰ੍ਹਾਂ ਖੁਭੀ ਹੋਈ ਸੀ। ਪਤਾ ਨਹੀਂ ਕਿੰਨੀਆਂ ਕੁ ਗੁਰੂ ਸਾਹਿਬਾਨ ਕੋਲ ਅਰਜ਼ੋਈਆਂ ਕਰਕੇ ਮਾਂ ਨੇ ਇਸ ਗੱਭਰੂ ਨੂੰ ਲਿਆ ਹੋਵੇਗਾ ਅਤੇ ਕਿੰਨੀਆਂ ਕੁ ਸੱਧਰਾਂ ਪਾਲੀਆਂ ਹੋਣਗੀਆਂ ਇਸ ਪੁੱਤਰ ਤੋਂ।

ਇਸੇ ਤਰ੍ਹਾਂ ਕੁੱਝ ਕੁ ਦਿਨ ਪਹਿਲਾਂ ਇਕ ਬੇਬਸ ਅਤੇ ਲਾਚਾਰ ਪਿਤਾ ਆਪਣੇ ਨਸ਼ੇੜੀ ਜਵਾਨ ਮੁੰਡੇ ਦੀ ਨੰਗ ਧੜੰਗ ਅਤੇ ਬੇਸੁੱਧ ਸਰੀਰ ਨੂੰ ਆਪਣੇ ਬਜ਼ੁਰਗ ਮੋਢਿਆਂ ਤੇ ਚੁੱਕ ਕੇ ਹਸਪਤਾਲ ਵੱਲ ਪੈਦਲ ਹੀ ਵਾਹੋ ਦਾਹੀ ਦੌੜ ਰਿਹਾ ਸੀ। ਇਹੋ ਜਿਹੀਆਂ ਅਨੇਕਾਂ ਖਬਰਾਂ ਰੋਜ਼ਾਨਾ ਸੁਣਨ ਵੇਖਣ ਨੂੰ ਮਿਲ ਰਹੀਆਂ ਹਨ।

ਮੇਰੇ ਇਕ ਜਾਣਕਾਰ ਹਨ, ਇਕ ਦਿਨ ਉਹਨਾਂ ਕੋਲ ਬੈਠਿਆਂ ਇਕ ਸੱਜਣ ਉਹਨਾਂ ਨੂੰ ਇਕ ਪੁਰਾਣੇਂ ਜਹੇ ਸਕੂਟਰ ਤੇ ਉਹਨਾਂ ਨੂੰ ਮਿਲਣ ਆਏ। ਕਾਫ਼ੀ ਦੇਰ ਗੱਲਾਂ ਬਾਤਾਂ ਤੋਂ ਬਾਅਦ ਜਦੋਂ ਉਹ ਚਲੇ ਗਏ ਤਾਂ ਮੇਰੇ ਉਸ ਸੱਜਣ ਮਿੱਤਰ ਨੇ ਉਹਨਾਂ ਦੀ ਵਿਥਿਆ ਸੁਣਾਈ ਜਿਹੜੀ ਕਿ ਰੌਂਗਟੇ ਖੜ੍ਹੇ ਕਰਨ ਵਾਲੀ ਹੈ।

ਉਹਨਾਂ ਦੱਸਿਆ ਕਿ ਇਹ ਸੱਜਣ ਸ਼ਹਿਰ ਦੇ ਬਹੁਤ ਹੀ ਪ੍ਰਤੀਸ਼ਠਾ ਵਾਲੇ ਵਿਅਕਤੀ ਸਨ। ਬਹੁਤ ਵੱਡਾ ਕਾਰੋਬਾਰ, ਬੜੀ ਜਾਇਦਾਦ, ਇੱਕ ਲੜਕਾ, ਇੱਕ ਲੜਕੀ ਇਹਨਾਂ ਦੀ ਔਲਾਦ ਸੀ। ਲੜਕੀ ਆਪਣੇ ਘਰ ਚਲੀ ਗਈ,ਬੜੀ ਧੂਮ ਧਾਮ ਨਾਲ ਵਿਆਹ ਕੀਤਾ। ਲੜਕੇ ਦਾ ਵਿਆਹ ਵੀ ਬੜੇ ਵੱਡੇ ਅਤੇ ਆਪਣੇ ਰੁੱਤਬੇ ਬਰਾਬਰ ਖਾਨਦਾਨ ਵਿੱਚ ਕੀਤਾ। ਬਸ ਇੱਥੋਂ ਹੀ ਬੁਰਾ ਵਕਤ ਅਤੇ ਪੁੱਠੇ ਦਿਨਾਂ ਦੀ ਸ਼ੁਰੂਆਤ ਹੋਈ। ਨੂੰਹ ਰਾਣੀ ਨਸ਼ਿਆਂ ਦੀ ਆਦੀ ਸੀ ਭਾਵ ਨਸ਼ੇੜੀ ਸੀ। ਮੁੰਡੇ ਨੂੰ ਵੀ ਨਸ਼ੇ ਦੀ ਲੱਤ ਲੱਗ ਗਈ। ਬਸ ਫਿਰ ਸਭ ਕੁੱਝ ਰੁਲਣ ਲੱਗ ਪਿਆ। ਮੁੰਡੇ ਨੇ ਨਸ਼ੇ ਦੀ ਲੱਤ ਪੂਰੀ ਕਰਨ ਲਈ ਵੀਹ ਲੱਖ ਦੀ ਕਾਰ ਇੱਕ ਲੱਖ ਵਿੱਚ ਵੇਚ ਦਿਤੀ, ਢਾਈ ਤਿੰਨ ਲੱਖ ਰੁਪਏ ਵਾਲਾ ਬੁਲਟ ਮੋਟਰਸਾਈਕਲ ਪੰਜਾਹ ਹਜ਼ਾਰ ਵਿੱਚ ਵੇਚ ਦਿੱਤਾ। ਗਲ ਕੀ ਘਰ ਦੀ ਹਰ ਸ਼ੈਅ ਸੋਫੇ, ਤਿੰਨ ਚਾਰ ਟੈਲੀਵਿਜ਼ਨ ਅਤੇ ਕੰਪਿਊਟਰ ਅਤੇ ਹੋਰ ਬਹੁਤ ਸਾਰਾ ਘਰ ਦਾ ਸਾਮਾਨ, ਨੂੰਹ ਪੁੱਤ ਦੇ ਨਸ਼ੇ ਦੀ ਬਲੀ ਚੜ੍ਹ ਗਿਆ। ਅਖੀਰ ਬਾਪ ਨੇ ਦੋਵਾਂ ਨੂੰ ਬੇਦਖ਼ਲ ਕਰ ਦਿੱਤਾ ਅਤੇ ਆਪ ਪੁਰਾਣੇ ਜਿਹੇ ਸਕੂਟਰ ਉੱਤੇ ਆ ਗਿਆ।

ਇਥੇ ਡਾਕਟਰ ਹਰਸ਼ਿੰਦਰ ਕੌਰ ਦੀ ਬਹੁਤ ਮਾਰਮਿਕ ਕਹਾਣੀ ਯਾਦ ਆ ਰਹੀ ਹੈ ਜਿਸ ਵਿੱਚ ਇਕ ਮਾਂ ਆਪਣੇ ਨਸ਼ੇੜੀ ਪੁੱਤਰ ਨੂੰ ਉਸਦੀ ਜ਼ਿਦ ਤੇ ਬਹੁਤ ਔਖੀ ਹੋ ਕੇ ਮੋਟਰਸਾਈਕਲ ਲੈ ਕੇ ਦਿੰਦੀ ਹੈ। ਉਹ ਮੋਟਰਸਾਈਕਲ ਇਸ ਕਰਕੇ ਨਹੀਂ ਲੈ ਕੇ ਦਿੰਦੀ ਕਿ ਉਹ ਖੁਸ਼ ਹੈ ਪਰ ਉਹ ਆਪਣੇ ਪੁੱਤਰ ਨੂੰ ਨਸ਼ੇ ਦੀ ਜ਼ਰੂਰਤ ਜਾਂ ਥੋੜ ਕਰਕੇ ਰੋਜ਼ ਰੋਜ਼ ਮਰਦਾ ਨਹੀਂ ਵੇਖ ਸਕਦੀ। ਉਹ ਸੋਚਦੀ ਹੈ ਕਿ ਉਸਦਾ ਪੁੱਤਰ ਰੋਜ਼ ਰੋਜ਼ ਮਰਨ ਨਾਲੋਂ ਮੋਟਰਸਾਈਕਲ ਦੇ ਐਕਸੀਡੈਂਟ ਵਿੱਚ ਮਰ ਜਾਏ। ਹਾਏ ਉਸ ਮਾਂ ਦਾ ਜਿਗਰਾ। ਨਾਲਾਇਕ ਔਲਾਦ, ਮਾਵਾਂ ਨੂੰ ਢਿੱਡ ਜੰਮਿਆਂ ਵਾਸਤੇ ਕੀ ਕੀ ਕਰਨ ਲਈ ਮਜਬੂਰ ਕਰਦੀ ਹੈ। ਲੱਗਦਾ ਹੈ ਕਿ ਜਿਸ ਕਲਯੁਗ ਦੀਆਂ ਗੱਲਾਂ ਸੁਣਦੇ ਸਾਂ, ਉਹ ਆ ਗਿਆ ਹੈ।

ਦੁਨੀਆਂ ਦਾ ਲਗਭਗ ਕੋਈ ਵੀ ਧਰਮ ਨਸ਼ਿਆਂ ਦੀ ਪੈਰਵੀ ਨਹੀਂ ਕਰਦਾ, ਪਰ ਇਹ ਇਸ ਕਲਯੁਗ ਦੀ ਤ੍ਰਾਸਦੀ ਹੀ ਕਿਹਾ, ਸਮਝਿਆ ਜਾ ਸਕਦਾ ਹੈ ਕਿ ਅੱਜ ਕਿਸੇ ਵੀ ਧਰਮ ਦੇ ਲੋਕ ਨਸ਼ਿਆਂ ਦੀ ਬੀਮਾਰੀ ਤੋਂ ਬਚੇ ਨਹੀਂ।

ਨਸ਼ਿਆਂ ਦੇ ਤਸਕਰਾਂ ਦੀਆਂ ਪੌਂਅ ਬਾਰਾਂ ਹਨ। ਪਿੰਡਾਂ ਵਿਚ ਖ਼ਾਸ ਕਰਕੇ ਕਾਰਾਂ ਘੁੰਮਦੀਆਂ ਆਮ ਦੇਖੀਆਂ ਜਾ ਸਕਦੀਆਂ ਹਨ, ਜਿਹਨਾਂ ਰਾਹੀਂ ਨਸ਼ੇ ਵੰਡੇ ਅਤੇ ਵੇਚੇ ਜਾਂਦੇ ਹਨ। ਸਾਡੇ ਸ਼ਹਿਰ ਵੀ ਇਸ ਤੋਂ ਅਛੂਤੇ ਨਹੀਂ ਰਹੇ ਹਨ।

ਅਸਲੀਅਤ ਵਿੱਚ ਨੌਜਵਾਨ ਆਪਣੇ ਬਹੁਤ ਅਮੀਰ ਗੁਰਮਤਿ, ਵੈਦਿਕ ਵਿਰਸੇ ਨਾਲੋਂ ਟੁੱਟ ਚੁੱਕੇ ਹਨ। ਉਹਨਾਂ ਦਾ ਭਵਿੱਖ ਧੁੰਧਲਾ ਹੈ ਅਤੇ ਵਰਤਮਾਨ ਵਿਚ ਉਹ ਜੀਅ ਨਹੀਂ ਰਹੇ, ਬਸ ਹਰ ਪਾਸੇ ਨਿਰਾਸ਼ਤਾ ਹੀ ਨਿਰਾਸ਼ਤਾ ਹੀ ਉਹਨਾਂ ਦੇ ਪੱਲੇ ਪੈ ਰਹੀ ਹੈ। ਨਸ਼ਿਆਂ ਦੀ ਤਸਕਰੀ ਅਤੇ ਵੇਚ ਵੰਡ ਦੀ ਕਾਨੂੰਨੀ ਮਨਾਹੀ ਹੈ ਪਰ ਪ੍ਰਸ਼ਾਸਨ ਖਾਮੋਸ਼ ਹੈ।

ਜਲਦੀ ਅਪਾਰ ਦੌਲਤ ਇਕੱਠੀ ਕਰਨ ਦੀ ਦੌੜ ਅਤੇ ਹੋੜ ਕਾਰਨ ਹੀ ਅੱਜ ਦੀ ਨੌਜਵਾਨ ਪੀੜ੍ਹੀ ਇਸ ਵਿੱਚ ਗਲਤਾਨ ਹੋ ਰਹੀ ਹੈ। ਗੁਰੂ ਸਾਹਿਬਾਨ ਨੇ ਸਾਡੇ ਵਾਸਤੇ ਸਿੱਖੀ ਸਿਧਾਂਤਾਂ ਵਿੱਚ ਮਨੁੱਖੀ ਆਚਾਰ ਨੂੰ ਸਭ ਤੋਂ ਵੱਧ ਮਹੱਤਵ ਦਿੱਤਾ ਹੈ ਅਤੇ ਇਸ ਵਿੱਚ ਨਸ਼ਿਆਂ ਲਈ ਕੋਈ ਥਾਂ ਨਹੀਂ ਹੈ:

ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ॥੬੨॥

ਮਨੁੱਖ ਇੱਕੋ ਇੱਕ ਐਸਾ ਪ੍ਰਾਣੀ ਹੈ ਜੋ ਆਪਣਾ ਜੀਵਨ ਆਪ ਬਰਬਾਦ ਕਰਦਾ ਹੈ। ਟਾਲਸਟਾਏ ਨੇ ਕਿਹਾ ਹੈ, ਨਸ਼ਿਆਂ, ਵਿਸ਼ਿਆਂ ਵਿਕਾਰਾਂ ਵਿੱਚ ਮਨੁੱਖੀ ਸਿਹਤ ਨੂੰ ਤਬਾਹ ਕਰਨਾ ਇਕ ਮਹਾਂ ਪਾਪ ਹੈ, ਕੁਦਰਤ ਦੇ ਕਾਨੂੰਨ ਦੇ ਵਿਰੁੱਧ ਵਰਤਾਰਾ ਹੈ। ਮਨੁੱਖਾ ਦੇਹ ਨੂੰ ਮਨੁੱਖ ਨੇ ਆਪ ਨਹੀਂ ਘੜਿਆ ਫਿਰ ਮਨੁੱਖ ਨੂੰ ਕੀ ਹੱਕ ਹੈ ਕਿ ਉਹ ਉਸਨੂੰ ਬਰਬਾਦ ਕਰੇ।

ਜਿਹੜੀ ਚੀਜ ਅਸੀਂ ਨਾ ਬਣਾਈ ਹੈ, ਨਾ ਹੀ ਉਸਨੂੰ ਬਣਾਉਣ ਦੀ ਸਮਰੱਥਾ ਰੱਖਦੇ ਹਾਂ, ਉਸਨੂੰ ਤਬਾਹ ਕਰਨ ਦਾ ਸਾਨੂੰ ਕੀ ਹੱਕ ਹੈ? ਆਪਣੀ ਦੇਹ ਦੀ ਚੰਗੀ ਤਰ੍ਹਾਂ ਸੰਭਾਲ ਨਾ ਕਰਨਾ ਕੁਦਰਤ ਪ੍ਰਤੀ ਮਨੁੱਖੀ ਫਰਜ਼ ਵਿੱਚ ਕੁਤਾਹੀ ਹੈ।

ਮਹਾਂ ਕਵੀ ਰਬਿੰਦਰ ਨਾਥ ਟੈਗੋਰ ਨੇ ਕਿਹਾ ਸੀ, ਸਾਨੂੰ ਆਪਣੇ ਸਰੀਰ ਨੂੰ ਅਣਗੌਲਿਆ ਕਰਨ ਦਾ ਕੋਈ ਹੱਕ ਨਹੀਂ ਹੈ ਕਿਉਂਕਿ ਅਸੀਂ ਇਸ ਨੂੰ ਬਣਾਇਆ ਹੀ ਨਹੀਂ। ਇਹ ਸਰੀਰ ਤਾਂ-

ਜਿਨਿ ਤੂੰ ਸਾਜਿ ਸਵਾਰਿ ਸੀਗਾਰਿਆ॥
ਗਰਭ ਅਗਨਿ ਮਹਿ ਜਿਨਹਿ ਉਬਾਰਿਆ॥

ਅਨੁਸਾਰ ਪ੍ਰਮਾਤਮਾ ਦੀ ਅਨਮੋਲ ਦਾਤ ਹੈ, ਬਖ਼ਸ਼ਿਸ਼ ਹੈ।

ਮਨੁੱਖਾ ਜਨਮ ਦੁਰਲੱਭ ਹੈ, ਇਹ ਜੂਨ ਵਿਸ਼ੇਸ਼ ਹੈ, ਸਰਬੋਤਮ ਹੈ, ਪੂਰਨ ਜੂਨ ਹੈ। ਇਹ ਚੁਰਾਸੀ ਲੱਖ ਜੂਨਾਂ ਵਿੱਚ ਸਭ ਤੋਂ ਉੱਤਮ ਜੂਨ ਹੈ, ਇਸ ਨੂੰ ਨਸ਼ਿਆਂ ਦੁਆਰਾ ਬਰਬਾਦ ਨਹੀਂ ਕਰਨਾ/ਹੋਣਾ ਚਾਹੀਦਾ। ਗੁਰੂ ਸਾਹਿਬਾਨ ਦਾ ਫ਼ੁਰਮਾਨ ਹੈ:

ਲਖ ਚਉਰਾਸੀਹ ਜੋਨਿ ਸਬਾਈ॥
ਮਾਣਸ ਕਉ ਪ੍ਰਭਿ ਦੀਈ ਵਡਿਆਈ॥

ਕਿਸੇ ਵੀ ਕਿਸਮ ਦੇ ਨਸ਼ੇ ਲਈ ਆਦਮੀ ਦੀ ਜਿੰਦਗੀ ਵਿੱਚ ਕੋਈ ਥਾਂ ਨਹੀਂ ਹੈ। ਗੁਰੂ ਸਾਹਿਬਾਨ ਨੇ ਨਸ਼ਿਆਂ ਦੀ ਸਖ਼ਤ ਮਨਾਹੀ ਕੀਤੀ ਹੈ ਅਤੇ ਮਨੁੱਖ ਨੂੰ ਸਦਾਚਾਰਕ ਨੈਤਿਕ ਜੀਵਨ ਜਾਚ ਦਾ ਉਪਦੇਸ਼ ਦਿੱਤਾ ਹੈ:-

ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ॥
ਧਿਆਇਦਿਆ ਤੂੰ ਪ੍ਰਭੂ ਮਿਲੁ ਨਾਨਕ ਉਤਰੀ ਚਿੰਤ॥

ਅਤੇ

ਜਿਤੁ ਪੀਤੈ ਖਸਮੁ ਵਿਸਰੈ ਦਰਗਹ ਮਿਲੈ ਸਜਾਇ॥
ਝੂਠਾ ਮਦੁ ਮੂਲਿ ਨ ਪੀਚਈ ਜੇ ਕਾ ਪਾਰਿ ਵਸਾਇ॥

ਨਸ਼ਿਆਂ ਅਤੇ ਵਿਸ਼ੇ ਵਿਕਾਰਾਂ ਦੇ ਤਬਾਹਕੁੰਨ ਨਤੀਜਿਆਂ ਬਾਰੇ ਗੁਰੂ ਸਾਹਿਬਾਨ ਨੇ ਜੋ ਜਾਗਰੂਕਤਾ ਬਖ਼ਸ਼ੀ ਹੈ ਅਤੇ ਇਹਨਾਂ ਦੇ ਭਿਆਨਕ ਨਤੀਜਿਆਂ ਪ੍ਰਤੀ ਮਨੁੱਖ ਨੂੰ ਪੂਰਨ ਰੂਪ ਵਿੱਚ ਸੁਚੇਤ ਕੀਤਾ ਹੈ ਅਤੇ ਇਹਨਾਂ ਦੀ ਸਖਤ ਮਨਾਹੀ ਕੀਤੀ ਹੈ:-

ਖਸਮੁ ਵਿਸਾਰਿ ਕੀਏ ਰਸ ਭੋਗ॥
ਤਾਂ ਤਨਿ ਉਠਿ ਖਲੋਏ ਰੋਗ॥

ਗੁਰੂ ਸਾਹਿਬਾਨ ਨੇ ਗੁਰਸਿੱਖਾਂ ਲਈ ਜੋ ਜੀਵਨ ਮਰਿਯਾਦਾ ਨਿਰਧਾਰਤ ਕੀਤੀ ਹੈ ਉਸ ਵਿੱਚ ਨਸ਼ਿਆਂ ਦੀ ਕੋਈ ਥਾਂ ਨਹੀਂ ਹੈ। ਗੁਰਮਤਿ ਸਿਧਾਂਤਾਂ ਵਿੱਚ ਮਨੁੱਖੀ ਅਚਾਰ ਨੂੰ ਸੱਚ ਤੋਂ ਵੱਧ ਮਹੱਤਵ ਦਿੱਤਾ ਗਿਆ ਹੈ:

ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ॥

ਵਿਦਵਾਨਾਂ ਅਤੇ ਵਿਚਾਰਕਾਂ ਲਈ ਵੀ ਇਹੀ ਆਚਾਰ ਅਤੇ ਵਿਵਹਾਰਕਤਾ ਵਿੱਚ ਵੀ ਆਤਮਿਕ ਅਤੇ ਸਰੀਰਕ ਸ਼ੁੱਧਤਾ ਅਤੇ ਸੁੱਚਤਾ ਉਤੇ ਬਲ ਦਿੱਤਾ ਹੈ।

ਜ਼ਿੰਦਗੀ ਜਿਊਣ ਲਈ ਹੈ। ਗੁਰੂ ਸਾਹਿਬਾਨ ਨੇ ਮੁਕੰਮਲ ਧਾਰਮਿਕ, ਸਮਾਜਿਕ, ਆਰਥਿਕ ਅਤੇ ਰਾਜਨੀਤਕ ਜ਼ਿੰਦਗੀ ਜਿਊਣ ਦਾ ਉਪਦੇਸ਼ ਦਿੱਤਾ ਹੈ। ਨਿਰੋਲ, ਨਿਰੋਗ ਸਾਦ ਮੁਰਾਦੀ ਜ਼ਿੰਦਗੀ! ਜ਼ਿੰਦਗੀ ਹੀ ਸਵਰਗ ਹੈ।

ਮਾਨਵੀ ਦੇਹ ਓਸ ਸਰਬਸ਼ਕਤੀਮਾਨ ਅਕਾਲਪੁਰਖ ਦੀ ਬਹੁਤ ਹੀ ਨਾਆਇਬ ਕਲਾਤਮਿਕ ਸਿਰਜਣਾ ਹੈ ਜੋ ਅਨਮੋਲ ਵੀ ਹੈ, ਅਦਭੁੱਤ ਵੀ ਹੈ ਅਤੇ ਵਿਲੱਖਣ ਵੀ ਹੈ। ਮਨੁੱਖਾ ਸਰੀਰ ਹੀ ਮਨੁੱਖੀ ਹੋਂਦ ਦਾ ਸਬੂਤ ਹੈ, ਇਕ ਪ੍ਰਤੀਕ ਹੈ ਅਤੇ ਇਹ ਕਰਮ ਕਰਨ ਲਈ ਸਿਰਜਿਆ ਗਿਆ ਹੈ ਨਾ ਕਿ ਕੁਕਰਮਾਂ ਵਾਸਤੇ। ਇਸ ਅਤਿ ਸੁੰਦਰ ਕਾਇਆ (ਸਰੀਰ) ਕਾਰਣ ਹੀ ਮਨੁੱਖ ਦੀ ਸੰਸਾਰ ਉੱਤੇ ਸਰਦਾਰੀ ਹੈ।

ਇਸ ਨੂੰ ਅਤਿ ਮੰਦਭਾਗਾ ਹੀ ਕਿਹਾ ਜਾ ਸਕਦਾ ਹੈ ਕਿ ਜਿਸ ਸ੍ਰਿਸ਼ਟੀ ਉੱਤੇ ਅਕਾਲਪੁਰਖ ਨੇ ਜਿਸ ਦੇਹੀ ਨੂੰ ਸਭ ਤੋਂ ਤੀਖਣ ਬੁੱਧੀ, ਸਾਰੀਆਂ ਜੂਨਾਂ ਵਿੱਚੋਂ ਸਰਵੋਤਮ, ਸਿਰਮੌਰ ਅਤੇ ਅਦੁੱਤੀ ਜੂਨੀ ਬਖਸ਼ੀ ਹੋਵੇ,ਓਹੀ ਮਨੁੱਖ ਹੀ ਆਪਣੇ ਆਪ ਨੂੰ ਨਸ਼ਿਆਂ, ਵਿਸ਼ਿਆਂ, ਵਿਕਾਰਾਂ ਰਾਹੀਂ ਆਪਣੇ ਆਪ ਨੂੰ ਹੀ ਬਰਬਾਦ ਕਰ ਰਿਹਾ ਹੈ। ਪਰ ਗੁਰੂ ਸਾਹਿਬਾਨ ਦਾ ਇਸ ਸਬੰਧੀ ਉਪਦੇਸ਼ ਅਤੇ ਦਿਸ਼ਾ ਨਿਰਦੇਸ਼ ਕੁੱਝ ਇਸ ਤਰ੍ਹਾਂ ਹੈ:-

ਇਸ ਦੇਹੀ ਕਉ ਸਿਮਰਹਿ ਦੇਵ॥
ਸੋ ਦੇਹੀ ਭਜੁ ਹਰਿ ਕੀ ਸੇਵ॥
ਅਵਰ ਜੋਨਿ ਤੇਰੀ ਪਨਿਹਾਰੀ॥
ਇਸੁ ਧਰਤੀ ਮਹਿ ਤੇਰੀ ਸਿਕਦਾਰੀ॥

ਅਸੀਂ ਇਸਨੂੰ ਅਰੋਗ ਰੱਖਣਾ ਹੈ। ਨਸ਼ਿਆਂ ਵਿੱਚ ਗ੍ਰਸੇ ਸਰੀਰ ਬਾਰੇ ਤਾਂ ਗੁਰੂ ਸਾਹਿਬਾਨ ਨੇ ਇਹ ਫਰਮਾਇਆ ਹੈ-

ਇਹੁ ਸਰੀਰੁ ਕੂੜਿ ਕੁਸਤਿ ਭਰਿਆ ਗਲ ਤਾਈ ਪਾਪ ਕਮਾਏ॥

ਵੱਡੇ ਭਾਗਾਂ ਨਾਲ ਪ੍ਰਾਪਤ ਇਸ ਸਰੀਰ ਨੂੰ ਤਬਾਹ ਤੇ

ਬਰਬਾਦ ਕਰਨ ਵਾਲੇ ਨੂੰ ਗੁਰੂ ਸਾਹਿਬਾਨ ਨੇ ਆਤਮਘਾਤੀ ਕਿਹਾ ਹੈ। ਗੁਰੂ ਸਾਹਿਬਾਨ ਜੀ ਦਾ ਫ਼ਰਮਾਨ ਹੈ-

ਦੁਲਭ ਦੇਹ ਪਾਈ ਵਡਭਾਗੀ॥
ਨਾਮੁ ਨ ਜਪਹਿ ਤੇ ਆਤਮ ਘਾਤੀ॥

ਮਨੁੱਖਾ ਜਨਮ ਦੁਰਲੱਭ ਹੈ। ਮਨੁੱਖਾ ਜਨਮ ਵਿਸ਼ੇਸ਼ ਹੈ। ਮਨੁੱਖਾ ਜੂਨ ਸਰਬੋਤਮ,ਪਰਮ ਜੂਨ ਹੈ। ਇਹ ਚੁਰਾਸੀ ਲੱਖ ਜੂਨਾਂ ਵਿੱਚੋਂ ਸਭ ਤੋਂ ਉੱਤਮ ਜੂਨ ਹੈ। ਗੁਰਬਾਣੀ ਵਿੱਚ ਇਸ ਨੂੰ ਇਸ ਤਰ੍ਹਾਂ ਵਿਆਖਿਆ ਗਿਆ ਹੈ-

ਲਖ ਚਉਰਾਸੀਹ ਜੋਨਿ ਸਬਾਈ॥
ਮਾਣਸ ਕਉ ਪ੍ਰਭਿ ਦੀਈ ਵਡਿਆਈ॥

ਜੇਕਰ ਅਸੀਂ ਸਭ ਕੁੱਝ ਜਾਣਦੇ ਹੋਏ ਵੀ ਗਲਤੀ ਕਰ ਰਹੇ ਹਾਂ ਤਾਂ ਅਜਿਹੇ ਵਰਤਾਰੇ ਅਤੇ ਵਿਹਾਰ ਉੱਤੇ ਅਫ਼ਸੋਸ ਹੀ ਕੀਤਾ ਜਾ ਸਕਦਾ ਹੈ। ਅਜਿਹੇ ਵਰਤਾਰੇ ਬਾਰੇ ਅਸਚਰਜਤਾ ਪ੍ਰਗਟ ਕਰਦਿਆਂ ਗੁਰੂ ਸਾਹਿਬਾਨ ਨੇ ਫ਼ਰਮਾਇਆ ਹੈ-

ਅੰਧੇ ਕੈ ਰਾਹਿ ਦਸਿਐ ਅੰਧਾ ਹੋਇ ਸੁ ਜਾਇ॥
ਹੋਇ ਸੁਜਾਖਾ ਨਾਨਕਾ ਸੋ ਕਿਉ ਉਝੜਿ ਪਾਇ॥
ਅੰਧੇ ਏਹਿ ਨ ਆਖੀਅਨਿ ਜਿਨ ਮੁਖਿ ਲੋਇਣ ਨਾਹਿ॥
ਅੰਧੇ ਸੇਈ ਨਾਨਕਾ ਖਸਮਹੁ ਘੁਥੇ ਜਾਹਿ॥

ਭਗਤ ਕਬੀਰ ਜੀ ਇਸ ਸੰਦਰਭ ਵਿੱਚ ਵਿਆਖਿਆ ਕਰਦੇ ਹੋਏ ਫ਼ਰਮਾਉਂਦੇ ਹਨ:-

ਕਬੀਰ ਮਨੁ ਜਾਨੈ ਸਭ ਬਾਤ ਜਾਨਤ ਹੀ ਅਉਗਨੁ ਕਰੈ॥
ਕਾਹੇ ਕੀ ਕੁਸਲਾਤ ਹਾਥਿ ਦੀਪੁ ਕੂਏ ਪਰੈ॥

ਗੁਰਵਾਕ ਹੈ:

ਦੁਰਮਤਿ ਮਦੁ ਜੋ ਪੀਵਤੇ ਬਿਖਲੀ ਪਤਿ ਕਮਲੀ॥
ਰਾਮ ਰਸਾਇਣਿ ਜੋ ਰਤੇ ਨਾਨਕ ਸਚ ਅਮਲੀ॥

ਭਗਤ ਕਬੀਰ ਜੀ ਦਾ ਫ਼ਰਮਾਨ ਹੈ:

ਕਬੀਰ ਭਾਂਗ ਮਛੁਲੀ ਸੁਰਾ ਪਾਨਿ ਜੋ ਜੋ ਪ੍ਰਾਨੀ ਖਾਂਹਿ॥
ਤੀਰਥ ਬਰਤ ਨੇਮ ਕੀਏ ਤੇ ਸਭੈ ਰਸਾਤਲਿ ਜਾਂਹਿ॥

ਨਸ਼ੇ ਸਾਰੇ ਰੋਗਾਂ ਦੀ ਜੜ੍ਹ ਹਨ। ਸ਼ਰਾਬ ਸੱਤ ਕੁੱਲਾਂ ਦਾ ਨਾਸ ਕਰਦੀ ਹੈ, ਭੰਗ ਸਰੀਰ ਨੂੰ ਤਬਾਹ ਕਰਦੀ ਹੈ, ਜਗਤ ਜੂਠ ਤੰਬਾਕੂ ਸੌ ਕੁੱਲਾਂ ਦਾ ਨਾਸ ਕਰਦਾ ਹੈ ਅਤੇ ਨਿੰਦਿਆ-ਚੁਗਲੀ ਅਨੇਕ ਕੁਲਾਂ ਬਰਬਾਦ ਕਰਦੀ ਹੈ ।

ਮਦਰਾ ਦਹਿਤਾ ਸਪਤਿ ਕੁਲ, ਭੰਗ ਦਹੈ ਤਨ ਏਕ।
ਸਤ ਕੁਲ ਦਹਿਤਾ ਜਗਤ ਝੂਠ ਨਿੰਦਾ ਕਹੈ ਅਨੇਕ।
ਜੂਆ ਖੇਲੇ ਮਦ ਪੀਵੈ ਸੋ ਨਰਕ ਮੇ ਜਾਵੈ।

ਨਸ਼ੇੜੀ ਦੀ ਜਿੰਦਗੀ ਮਾਨਸਿਕ ਅਤੇ ਸਰੀਰਕ ਰੋਗਾਂ ਦੀ ਪੰਡ ਹੈ। ਨਸ਼ੇੜੀ ਜਿਹਨੀ ਅਤੇ ਸਰੀਰਕ ਤੌਰ ਉੱਤੇ ਗੁਲਾਮ ਹੈ। ਨਸ਼ੇੜੀ ਦੀ ਜਿੰਦਗੀ ਮੁਕੰਮਲ ਨਰਕ ਹੈ। ਨਸ਼ੇੜੀ ਦੀ ਜਿੰਦਗੀ ਘਰ-ਪਰਿਵਾਰ ਅਤੇ ਸਮਾਜ ਉੱਤੇ ਕਲੰਕ ਹੈ। ਇਸ ਤੋਂ ਵੱਡਾ ਉਦਾਹਰਣ ਹੋਰ ਕੀ ਹੋ ਸਕਦਾ ਹੈ ਕਿ ਇਹਨਾਂ ਨਸ਼ੇੜੀਆਂ ਨੇ ਆਪਣੇ ਆਕਾਵਾਂ ਦੇ ਕਹਿਣ ਤੇ 29 ਮਈ 2022 ਨੂੰ ਮਾਨਸਾ ਜਿਲ੍ਹੇ ਵਿੱਚ ਗਾਇਕ ਸਿੱਧੂ ਮੂਸੇਵਾਲੇ ਦਾ ਦਿਨ ਦਿਹਾੜੇ ਬੜੀ ਬੇਰਹਿਮੀ ਨਾਲ ਨਸ਼ੇ ਦੀ ਲੋਰ ਵਿੱਚ ਖੌਫ਼ਨਾਕ ਕਤਲ ਕਰ ਦਿੱਤਾ।

ਇਸ ਵੇਲੇ ਸਭਨਾਂ ਵਾਸਤੇ ਆਪਣੇ-ਆਪਣੇ ਫਰਜ਼ ਪਛਾਨਣਾ ਅਤਿ ਜ਼ਰੂਰੀ ਹੈ। ਸਭ ਤੋਂ ਅਹਿਮ ਅਤੇ ਪਹਿਲਾ ਫ਼ਰਜ਼ ਸਾਡੀਆਂ ਰਾਜਨੀਤਕ ਧਿਰਾਂ ਦਾ ਹੈ। ਉਹ ਇਸ ਲਈ ਕਿ ਆਮ ਆਦਮੀ ਉਹਨਾਂ ਨੂੰ ਰਾਜ ਤਖਤ ਤੇ ਇਸ ਕਰਕੇ ਬਿਠਾਉਂਦਾ ਹੈ ਉਹ ਜਨਤਕ ਭਲਾਈ ਸੁਨਿਸ਼ਚਿਤ ਕਰਨਗੇ ਨਾਂ ਕਿ ਨਸ਼ਿਆਂ ਦਾ ਛੇਵਾਂ ਦਰਿਆ ਨਿਰੰਤਰ ਵਗਣ ਦੇਣਗੇ। ਆਪਣੀਆਂ ਕੁਲਾਂ ਦੀ ਬਰਬਾਦੀ ਲਈ ਕੋਈ ਵੀ ਸਰਕਾਰ ਨਹੀਂ ਚੁਣੀ ਜਾਂਦੀ ਪਰ ਇਹ ਵੀ ਇਕ ਤ੍ਰਾਸਦੀ ਹੀ ਹੈ ਕਿ ਕੋਈ ਵੀ ਸਰਕਾਰ ਚੁਣੇ ਜਾਣ ਤੋਂ ਬਾਅਦ ਲੋਕਾਂ ਦੀ ਜਿੰਦਗੀ ਅਤੇ ਸੜਕ ਤੋਂ ਅਲੋਪ ਹੋ ਕੇ ਟੈਲੀਵੀਜ਼ਨ ਅਤੇ ਇਸ਼ਤਿਹਾਰਾਂ ਵਿੱਚ ਸਿੱਮਟ ਜਾਂਦੀ ਹੈ।

ਨਸ਼ਿਆਂ ਦੇ ਤਸਕਰਾਂ ਨਾਲ ਸਹਿਭਾਗੀ ਪ੍ਰਸ਼ਾਸਨਿਕ ਵਿਵਸਥਾ ਤੇ ਵੀ ਇਹਨਾਂ ਦੇ ਅਨੈਤਿਕ ਕਰਮਾਂ ਵਾਸਤੇ ਨਕੇਲ ਕਸਣੀ ਪਵੇਗੀ। ਜੇਕਰ ਕੁਲਾਂ ਦੀਆਂ ਕੁਲਾਂ ਹੀ ਬਰਬਾਦ ਹੋ ਗਈਆਂ ਤਾਂ ਫਿਰ ਕਾਹਦੀ ਸਰਕਾਰ ਅਤੇ ਕਿਹੜੀ ਪ੍ਰਸ਼ਾਸਨਿਕ ਵਿਵਸਥਾ। ਹਰ ਵਿਵਸਥਾ ਨੂੰ ਰਾਜ ਤਾਂ ਪਰਜਾ ਤੇ ਹੀ ਕਰਨਾ ਹੁੰਦਾ ਹੈ ਪਰ ਜੇਕਰ ਪਰਜਾ ਹੀ ਨਸ਼ਿਆਂ ਦੀ ਬਲੀ ਚੜ੍ਹ ਗਈ ਤਾਂ ਫਿਰ ਕਾਹਦੀਆਂ ਸਰਕਾਰਾਂ ਅਤੇ ਕਾਹਦੀਆਂ ਵਿਵਸਥਾਵਾਂ।

ਅੱਜ ਤੱਕ ਕਿਸੇ ਵੀ ਨਸ਼ੇੜੀ ਨੇ ਕੋਈ ਕੁਰਬਾਨੀ ਨਹੀਂ ਦਿੱਤੀ, ਸਮਾਜਿਕ ਭਲਾਈ ਨਹੀਂ ਕੀਤੀ। ਉਹ ਆਤਮਘਾਤੀ ਤਾਂ ਹੋ ਸਕਦਾ ਹੈ ਪਰ ਸਮਾਜ ਸਿਰਜਕ ਨਹੀਂ ਹੋ ਸਕਦਾ। ਨਸ਼ਿਆਂ ਦੇ ਫੋਕੇ, ਨਕਲੀ ਅਤੇ ਮਾਰੂ ਸਵਾਦਾਂ ਨੇ ਗੁਰੂ ਪੀਰਾਂ ਦੀ ਸਵਰਗ ਵਰਗੀ ਧਰਤੀ ਪੰਜਾਬ ਦੇ ਮੂੰਹ ਉੱਤੇ ਕਲੰਕ ਲਾ ਦਿੱਤਾ ਹੈ ।

ਇਹ ਬਰਬਾਦੀ ਕਿਸੇ ਦੀ ਨਹੀਂ ਸਾਡੀ ਆਪਣੀ ਹੈ, ਸਾਡੀਆਂ ਆਪਣੀਆਂ ਕੁਲਾਂ ਦੀ ਹੈ। ਆਪਣੇ ਆਪ ਨੂੰ

ਬਰਬਾਦ ਕਰਨ ਵਾਲੇ ਨੂੰ ਕੋਈ ਵੀ ਸਿਆਣਾ ਨਹੀਂ ਕਹਿੰਦਾ। ਵੈਸੇ ਵੀ ਜਿਹੜੀ ਚੀਜ ਅਸੀਂ ਬਣਾਈ ਹੀ ਨਹੀਂ ਉਸਨੂੰ ਬਰਬਾਦ ਕਰਨ ਦਾ ਹੱਕ ਵੀ ਸਾਨੂੰ ਨਹੀਂ ਹੈ।

ਮਨੁੱਖਾ ਜੀਵ ਆਪਣੀਆਂ ਲਾਲਸਾਵਾਂ ਦੀ ਗੁਲਾਮੀ ਕਾਰਨ ਗੁਰੂ ਸਾਹਿਬਾਨ ਦੇ ਇਹਨਾਂ ਉਪਦੇਸ਼ਾਂ ਦੀ ਪਾਲਣਾ ਨਹੀਂ ਕਰ ਰਿਹਾ:

ਇਸ ਦੇਹੀ ਕਉ ਸਿਮਰਹਿ ਦੇਵ॥
ਸੋ ਦੇਹੀ ਭਜੁ ਹਰਿ ਕੀ ਸੇਵ॥

ਨਸ਼ਿਆਂ ਦੀ ਸਭ ਤੋਂ ਵੱਡੀ ਤੇ ਮਾਰੂ ਮਾਰ ਅੱਜ ਕੱਲ੍ਹ ਦੇ ਮਾਪਿਆਂ ਨੂੰ ਪਈ ਹੈ। ਢਿਡੋਂ ਜੰਮਿਆਂ ਦਾ ਇਹ ਦੁਖ ਵੇਖਣਾ ਤੇ ਸਹਾਰਨਾ ਨਰਕ ਨੁਮਾ ਜ਼ਿੰਦਗੀ ਤੋਂ ਵੀ ਬੱਦਤਰ ਹੈ ਨਾ ਉਹ ਜਿਉਂਦਿਆਂ 'ਚ ਨੇ ਅਤੇ ਨਾ ਮੋਇਆਂ 'ਚ। ਉਹ ਕਿਸ ਕਿਸ ਨੂੰ ਕੀ ਅਤੇ ਕਿਵੇਂ ਕਹਿਣ।

ਨਸ਼ਿਆਂ ਕਾਰਨ ਮਾਪਿਆਂ ਦੀ ਚੁਪਾਸੜ ਪਲ-ਪਲ ਮੌਤ ਹੁੰਦੀ ਹੈ। ਮਾਪਿਆਂ ਦਾ ਜਵਾਨ ਰੁੱਖ ਜਦੋਂ ਦੁੱਖ ਬਣਦਾ ਹੈ ਤਾਂ ਸ਼ਬਦ ਵੀ ਆਪਣਾ ਅਰਥ ਗੁਆ ਬੈਠਦੇ ਹਨ।

ਇਕਲੇ ਮਾਪੇ ਹੀ ਨਹੀਂ ਸਗੋਂ ਬਹੁਤ ਸਾਰੇ ਇਸ ਤਰ੍ਹਾਂ ਦੇ ਮਾਮਲੇ ਵੀ ਸਾਹਮਣੇ ਆਏ ਜਦੋਂ ਨਵ-ਵਿਆਹੀਆਂ ਮੁਟਿਆਰਾਂ ਇਸ ਨਸ਼ੇ ਦੀ ਜ਼ੱਦ ਵਿਚ ਆ ਕੇ ਸੁਹਾਗਣ ਦੇ ਰੁੱਤਬੇ ਤੋਂ ਹੱਥ ਧੋ ਬੈਠਦੀਆਂ ਹਨ। ਇਕ ਭਰ ਜਵਾਨ ਵਿਧਵਾ ਦੀ ਤ੍ਰਾਸਦੀ ਕਿਸ ਤਰ੍ਹਾਂ ਦੀ ਹੁੰਦੀ ਹੈ, ਇਹ ਕਿਸੇ ਕੋਲੋਂ ਵੀ ਛੁਪੀ ਹੋਈ ਨਹੀਂ। ਨਾ ਸ਼ਰੀਕ ਬਖ਼ਸ਼ਦੇ ਹਨ ਅਤੇ ਨਾਂ ਹੀ ਸਮਾਜ। ਇਸ ਉਪਰੋਂ ਸਿਤਮਜ਼ਰੀਫੀ ਸਰਕਾਰੀ ਨਿਗੂਣੀ ਪੈਂਨਸ਼ਨ ਹੋ ਨਿਬੜਦੀ ਹੈ। ਇਹ ਪੈਂਨਸ਼ਨ ਲੈਣ ਲਈ ਇਹਨਾਂ ਜਵਾਨ ਵਿਧਵਾਵਾਂ ਨੂੰ ਜੋ ਕੁੱਝ ਉਹਨਾਂ ਨੂੰ ਕਰਨਾ ਤੇ ਸਹਿਣਾ ਪੈਂਦਾ ਹੈ, ਉਹ ਇਥੇ ਲਿਖਿਆ ਨਹੀਂ ਜਾ ਸਕਦਾ।

ਇਹਨਾਂ ਸੱਥਰਾਂ ਦੇ ਕਾਰੋਬਾਰੀਆਂ ਨੂੰ ਕਦੋਂ ਤੇ ਕਿਵੇਂ ਨਕੇਲ ਪੈਣੀ ਹੈ ਇਹ ਅਕਾਲਪੁਰਖ ਪਰਮਾਤਮਾ ਹੀ ਜਾਣਦਾ ਹੈ। ਮੌਜੂਦਾ ਪ੍ਰਬੰਧਕੀ ਢਾਂਚਾ ਤਾਂ ਬੇਬਸ, ਲਾਚਾਰ ਅਤੇ ਅਰਥਹੀਣ ਹੀ ਹੈ। ਜਦੋਂ ਸਧਰਾਂ ਸੱਥਰਾਂ ਵਿੱਚ ਬਦਲਦੀਆਂ ਹਨ ਤਾਂ ਗੁਰੂ ਨਾਨਕ ਦੇਵ ਜੀ ਦਾ ਵਾਕ 'ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ' ਸੱਚ ਹੋ ਨਿਬੜਦਾ ਦਿਸਦਾ ਹੈ।

ਨਸ਼ਿਆਂ ਤੋਂ ਬਚਣਾ ਸਾਡੀ ਸਾਰਿਆਂ ਦੀ ਆਪਣੀ-ਆਪਣੀ ਜਿੰਮੇਵਾਰੀ ਹੈ। ਸਰਕਾਰਾਂ ਤਾਂ ਖੁਦ ਵਿੱਚ ਹੀ ਸਰਕਾਰਾਂ ਨਹੀਂ ਹੁੰਦੀਆਂ ਅਤੇ ਜੇਕਰ ਸੱਚ ਵਿੱਚ ਹੀ ਸਰਕਾਰਾਂ ਹੋਣ ਤਾਂ ਸਾਨੂੰ ਇਹ ਦਿਨ ਨਾ ਵੇਖਣੇ ਪੈਣ।

ਸਾਡਾ ਸਰੀਰ ਇਸ ਨੂੰ ਨਿਰੋਗ ਤੇ ਨਿਰੋਆ ਰਖਣਾ ਸਾਡੀ ਜਿੰਮੇਵਾਰੀ ਹੈ। ਗੁਰੂ ਸਾਹਿਬਾਨ ਦੇ ਮਹਾਨ ਕਥਨ-ਇਹੁ ਸਰੀਰੁ ਸਭੁ ਧਰਮੁ ਹੈ ਜਿਸੁ ਅੰਦਰਿ ਸਚੇ ਕੀ ਵਿਚਿ ਜੋਤਿ-ਦੀ ਪਾਲਣਾ ਕਰਨੀ ਅਤਿ ਜ਼ਰੂਰੀ ਹੈ। ਨਾਮ ਸਾਰੇ ਰੋਗਾਂ ਦਾ ਦਾਰੂ-ਇਲਾਜ ਹੈ-ਸਰਬ ਰੋਗ ਕਾ ਅਉਖਦੁ ਨਾਮੁ।

ਨਸ਼ਿਆਂ ਤੋਂ ਮੁਕਤ ਹੋਈਏ, ਆਪਣੇ ਆਪਣੇ ਫਰਜ਼ ਪਛਾਣੀਏ, ਨਿਭਾਈਏ, ਨਵੀਆਂ ਨਿਰੋਈਆਂ ਪੈੜਾਂ ਸਿਰਜੀਏ ਅਤੇ ਪ੍ਰੋ. ਪੂਰਨ ਸਿੰਘ ਵਾਂਗੂ ਆਪਣੇ ਪੁਰਾਣੇ ਪੰਜਾਬ ਨੂੰ ਮੁੜ ਆਉਣ ਲਈ ਆਵਾਜ਼ ਮਾਰੀਏ-

ਆ ਪੰਜਾਬ-ਪਿਆਰ ਤੂੰ ਮੁੜ ਆ!
ਆ ਸਿੱਖ ਪੰਜਾਬ ਤੂੰ ਘਰ ਆ!
ਤੇਰੇ ਤੂਤ ਦਿੱਸਣ ਮੁੜ ਸਾਵੇ
ਮੁੜ ਆਵਣ ਬੂਟਿਆਂ ਨਾਲ ਤੇਰੀਆਂ ਦੋਸਤੀਆਂ।
ਤੇਰੇ ਪਿਪਲਾਂ ਹੇਠ ਹੋਣ ਮੁੜ ਮੇਲੇ।

.................................................

## ਨਾਮਧਾਰੀ ਲਹਿਰ ਦਾ ਸਮਾਜ...


5. ਮਨਧੀਰ, ਸ. ਸ., 'ਨਾਮਧਾਰੀ ਲਹਿਰ ਦਾ ਜਨਮ ਕਿਉਂ ਤੇ ਕਿਵੇਂ ਹੋਇਆ', ਬਸੰਤ ਅੰਕ, ਨਵੀਂ ਦਿੱਲੀ : ਨਿਊ ਫੇਜ਼ ਪ੍ਰਿੰਟਿੰਗ ਪ੍ਰੈੱਸ, 1995

6. ਵਿਰਕ, ਸਵਰਨ ਸਿੰਘ, ਕੂਕਾ ਲਹਿਰ ਦਾ ਪੰਜਾਬੀ ਸਾਹਿਤ, ਸ੍ਰੀ ਭੈਣੀ ਸਾਹਿਬ : ਨਾਮਧਾਰੀ ਦਰਬਾਰ, 2009


7. ਭੱਟੀ, ਹਰਵਿੰਦਰ ਸਿੰਘ, 'ਨਾਮਧਾਰੀ ਲਹਿਰ : ਇਕ ਸਮਾਜ ਵਿਗਿਆਨਕ ਦ੍ਰਿਸ਼ਟੀਕੋਣ, ਜਨ ਸਾਹਿਤ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 2008

8. ਸਿੰਘ, ਜੋਗਿੰਦਰ, 'ਨਾਮਧਾਰੀ ਲਹਿਰ ਦਾ ਸਰਬ ਭਾਵੀ ਭਾਗ', ਬਸੰਤ ਅੰਕ, ਨਵੀਂ ਦਿੱਲੀ : ਨਿਊ ਫੇਜ਼ ਪ੍ਰਿੰਟਿੰਗ ਪ੍ਰੈੱਸ, 1995

9. ਭਾਰਤੀ, ਅਮਰ, "ਸਤਿਗੁਰੂ ਜਗਜੀਤ ਸਿੰਘ ਕੀ ਇਕ ਰੇਖਾ ਚਿੱਤਰ, ਬਸੰਤ ਅੰਕ, ਨਵੀਂ ਦਿੱਲੀ : ਨਿਊ ਫੇਜ਼ ਪ੍ਰਿੰਟਿੰਗ ਪ੍ਰੈੱਸ, 1995


.................................................

# ਉਡੀਕ



**ਕਿਰਪਾਲ ਕਜ਼ਾਕ**

ਮੌਤ ਗੁਰੋ ਦੇ ਇਰਦ-ਗਿਰਦ ਸੀ ਪਰ ਦਿੱਸ ਨਹੀਂ ਸੀ ਰਹੀ।

ਟੱਬਰ ਓਸ ਘੜੀ ਨੂੰ ਸਹਿਕ ਰਿਹਾ ਸੀ।

ਘਰ ਦੇ ਸਾਰੇ ਕੰਮ-ਕਾਜ ਅਟਕੇ ਪਏ ਸਨ। ਹਰ ਕੋਈ ਸਾਹ ਸੂਤੀ ਖੜ੍ਹਾ ਸੀ।

"ਮਰਨਾ ਕੀਹਨੇ ਨਹੀਂ? ਵਕਤ ਆ ਗਿਆ ਤਾਂ ਬੰਦਾ ਤੁਰਦਾ ਹੋਵੇ। ਉਡੀਕ ਕੀਹਦੀ? ਚੁਟਕੀ 'ਚ ਫੁੜਕਦੈ ਕੋਈ ਕਰਮਾਂ ਵਾਲਾ। ਰੀਂਗ ਕੇ ਮਰਨਾ ਕੋਈ ਮਰਨੈ?" ਖ਼ਬਰ ਲੈਣ ਆਏ ਗੱਲਾਂ ਕਰਦੇ।

"ਮਰੀ ਤਾਂ ਕੇਸਰੋ। ਦੇਵਤਿਆਂ ਦੀ ਮੌਤ। ਜਾਂ ਕੰਬੋਆਂ ਕਾ ਸੁੰਦਰ ਸਿਹੁੰ। ਇਕ ਰਾਤ ਟੱਬਰ ਉਠਾਇਆ। ਹੱਥ ਜੋੜੇ। ਚੰਗਾ ਭਾਈ ਸਭ ਨੂੰ ਸੱਸਰੀਕਾਲ। ਨਦੀ ਨਾਮ ਸੰਜੋਗੀ ਮੇਲੇ...। ਟੱਬਰ ਕਿਹਾ, ਦੇਖ ਕੀ ਝੱਲ ਖਲਾਰਦੀ ਐ ਅੱਧੀ ਰਾਤ। ਸਵੇਰੇ ਉੱਠੇ ਤਾਂ ਦੇਖਣ। ਉੱਡ ਗਿਆ ਭੌਰ। ਤੇ ਸੁੰਦਰ ਸਿੰਹੁ, ਰੱਜ ਕੇ ਕੁੱਤਾ ਬੰਦਾ। ਬਾਹਰੋਂ ਆਇਆ। ਬਹੂ ਨੂੰ ਕਹਿੰਦਾ, ਪੁੱਤ ਕੜਾਹ ਮਿਲੂ ਭੋਰਾ? ਬਹੂ ਕਿਹਾ, ਨਾ ਤਿੱਥ ਨਾ ਤਿਉਹਾਰ... ਬਾਪੂ ਜੀ ਕਮਲੇ ਤਾਂ ਨਹੀਂ ਹੋ ਗਏ? ਕਹਿੰਦਾ, ਚਲੋ ਫਿਰ ਮਰੇ 'ਤੇ ਹੀ ਖਾ ਲਿਉ। ਉਹੋ ਗੱਲ ਹੋਈ। ਵੱਡਾ ਕੀਤਾ। ਪੂਰੀ ਬਿਰਾਦਰੀ ਨੇ ਛਕਿਆ। ਸਹੁਰੀਏ! ਕੁਣਕਾ ਈ ਸੀ, ਸੁੜ੍ਹਾ ਤਾਂ ਨਾ ਭਟਕਣ ਦਿੰਦੀ ਵਿਚਾਰੇ ਦੀ...।" ਲੋਕ ਕਹਾਣੀਆਂ ਛੋਹ ਲੈਂਦੇ।

"ਸੁੱਚਾ ਸਿਹਾਂ! ਸੌ ਨੂੰ ਤਾਂ ਟੱਪ ਗਈ ਹੋਊ ਬੇਬੇ।" ਕੋਈ ਪੁੱਛਦਾ।

"ਕਾਹਨੂੰ ਪਲੇਗ ਪੈਣ ਵੇਲੇ ਦੀ ਐ। ਸਾਲ ਤਾਂ ਪਤਾ ਨਹੀਂ।"

ਸੁੱਚਾ ਸਿਹੁੰ ਨੂੰ ਵੀ ਮਾਂ ਨੇ ਹੀ ਦੱਸਿਆ ਸੀ: "ਓਸ ਸਾਲ ਚੂਹਿਆਂ ਤੋਂ ਪਈ ਬਮਾਰੀ। ਬੰਦਾ ਤੁਰਿਆ ਜਾਂਦਾ ਮੁੱਕ ਜਾਂਦਾ। ਮੈਨੂੰ ਨਕਰਮੀ ਨੂੰ ਰੱਬ ਰੱਖ ਲਿਆ। ਤਾਂ ਹੀ ਤਾਂ ਨਾਂ ਪਿਆ ਗੁਰਾਂ ਦੇਈ।"

ਰੱਬ ਦੇ ਰੱਖ ਲੈਣ ਵਾਲੀ ਗੱਲ ਸੱਚੀ ਸੀ। ਗੁਰਾਂ ਨੂੰ ਹਰ ਦਿਨ ਨਵਾਂ ਵਾਰ ਆਇਆ। ਜਵਾਨ ਹੋਈ। ਉੱਚਾ ਲੰਮਾ ਕੱਦ। ਭਰਵੀਂ ਡੀਲ-ਡੌਲ। ਲਹਿਣਾ ਸਿਹੁੰ ਨਾਲ ਵਿਆਹੀ ਗਈ। ਬਾਰਾਂ ਵਿਚ ਮੁਰੱਬੇ ਅਲਾਟ ਹੋਏ ਤਾਂ ਸਾਂਦਲ ਬਾਰ ਜਾ ਕੇ ਵੱਸ ਗਏ।

ਜੜ੍ਹਾਂ ਵੀ ਨਹੀਂ ਸੀ ਲੱਗੀਆਂ ਕਿ ਹੱਲੇ ਪੈ ਗਏ।

ਹੱਲੇ ਕੀ ਪਏ... ਪਰਲੋ ਆ ਗਈ...। ਪਤੀ ਤੇ ਮਾਪੇ ਹੱਲੇ ਨਿਗਲ ਗਏ। ਦੋ ਪੁੱਤਾਂ ਨੂੰ ਖੰਭਾਂ ਹੇਠ ਲਈ ਏਧਰ ਆ ਗਈ। ਇਕੱਲੀ ਕਾਰੀ ਤੀਵੀਂ ਤੇ ਹੋਣੀ ਨਾਲ ਮੱਥਾ। ਦੋ ਪੁੱਤਾਂ ਨਾਲ ਲੱਕ ਬੰਨ੍ਹ ਲਿਆ ਗੁਰਾਂਦੇਈ। ਉਹ ਦਿਨ ਯਾਦ ਕਰਦਿਆਂ ਅੱਜ ਵੀ ਸੁੱਚਾ ਤੇ ਨੰਜਾ ਅੱਖਾਂ ਭਰ ਲੈਂਦੇ। ਬੇਬੇ ਕਿਵੇਂ ਸ਼ਰੀਕਾਂ ਹੇਠੋਂ ਸਿਆੜ ਕਢਾਏ। ਦਿਨ ਰਾਤ ਇਕ ਕੀਤਾ। ਮੁੜ੍ਹਕਾ ਡੋਲ੍ਹਿਆ। ਰਫ਼ਲ ਲਈ। ਪੰਚਾਇਤਾਂ ਵਿਚ ਬੈਠੀ। ਠਾਣੇ-ਠਪਾਣੇ ਗਈ। ਸ਼ਰਾਬ ਕੱਢੀ। ਪਿਆਈ। ਵੇਚੀ। ਹਿੱਕ ਠੋਕ ਕੇ। ਜਬ੍ਹਾ ਕਾਇਮ ਕੀਤਾ। ਪੁੱਤ ਵਿਆਹੇ। ਸੁੱਚੇ ਲਈ ਚੱਠਿਆਂ ਤੋਂ ਚਿੰਤ ਕੁਰ ਤੇ ਨੰਜੇ ਲਈ ਵਿਰਕਾਂ ਕੀ ਰਾਜਵੰਤ ਵਿਆਹ ਕੇ ਲਿਆਂਦੀ।

ਪੁੱਤਾਂ ਨੂੰਹਾਂ ਵੀ ਰੱਖ ਵਿਖਾਈ। ਸੁੱਚੇ ਵਾਹੀ ਓਟ ਲਈ। ਨੰਜੇ ਆੜ੍ਹਤ। ਦੌਲਤ ਪੈਰਾਂ ਨਾਲ ਆਈ। ਵੇਲ ਵਧੀ। ਅੱਜ ਸੁੱਚੇ ਦੇ ਨੀਤੂ ਤੇ ਗੁੱਲੂ ਸਨ। ਨੰਜੇ ਦੀਆਂ ਲਾਲ੍ਹੀ ਤੇ ਰਿੰਪੀ ਧੀਆਂ ਤੇ ਪੁੱਤ ਬੱਬੂ। ਸਭ ਕਾਲਜਾਂ ਵਿਚ ਪੜ੍ਹਦੇ। ਪੁੱਜਦਾ ਘਰ। ਕੋਈ ਚਿੜੀਆਂ ਦਾ ਦੁੱਧ ਮੰਗਦਾ, ਹਾਜ਼ਰ ਕਰਨ ਦੇ ਸਮਰੱਥ।

ਅਚਾਨਕ ਗੁਰਾਂਦੇਈ ਦੀ ਲਟਕੀ ਮੌਤ ਨੇ ਸਭ ਜੜ੍ਹ ਕਰਕੇ ਰੱਖ ਦਿੱਤਾ।

ਹਵਾ, ਸਾਹ, ਧੜਕਣ, ਗੁਰੋ ਦਾ ਨਹੀਂ, ਟੱਬਰ ਦਾ ਰੁਕਿਆ ਖੜ੍ਹਾ ਸੀ। ਉੱਚੀ ਹੱਸਣਾ ਨਹੀਂ, ਕੀ ਪਤਾ ਕਦੋਂ

ਕੋਈ ਖ਼ਬਰ ਲੈਣ ਆ ਜਾਵੇ। ਆਏ ਨੂੰ ਉਦਾਸ ਮਿਲੋ। ਹਉਕਾ ਲਵੋ। ਹੌਲੀ ਬੋਲੋ। ਕਹਾਣੀਆਂ ਸ਼ੁਰੂ। ਕਦੋਂ ਬੋਲੀ। ਕੀ ਖਾਧਾ? ਕਦੋਂ ਖਾਧਾ? ਪਛਾਣਦੀ ਐ ਕਿ ਨਹੀਂ? ਹੱਥ ਪੈਰ ਕਿਵੇਂ ਨੇ? ਠੰਢੇ ਕਿ ਗਰਮ? ਦਵਾਦਾਰੂ ਚਲਦੈ ਕਿ ਬੰਦ? ਆਪਦੀ ਕਿਰਿਆ ਕਿਉਂਟਦੀ ਏ ਕਿ ਨਹੀਂ? ਜੇ ਨਹੀਂ ਤਾਂ ਕੌਣ ਕਰਦੈ ਸੇਵਾ? ਚਿੰਤਕੁਰ ਜਾਂ ਰਾਜਵੰਤ?

ਨਸੀਹਤਾਂ ਦਾ ਮੀਂਹ ਵਰ੍ਹਦਾ: "ਮਰ ਦੇ ਦੀ ਸੇਵਾ ਤੁਰੰਤ ਮਿਲਦੈ ਮੇਵਾ ਭਾਈ। ਗੰਗਾ ਜਲ ਮੰਗਵਾ ਲਿਆ? ਤੁਰੰਤ ਨਹੀਂ ਲੱਭਦਾ ਕੁਝ। ਗੁਟਕੇ ਮੰਗਵਾਉ ਪੰਜ ਸੱਤ। ਜਿਵੇਂ ਘੋਰੜੂ ਵੱਜੇ, ਬਾਣੀ ਪੜ੍ਹੋ ਕੰਨਾਂ 'ਚ। ਭੁੱਲ ਕੇ ਸਰ੍ਹਾਣੇ ਨਾ ਖੜ੍ਹੋ। ਮਰ ਦੇ ਦੀ ਸੁਤ੍ਹਾ ਜਾਂਦੀ ਐ ਖੜ੍ਹੇ ਬੰਦੇ 'ਚ...।"

ਮੌਤ ਲਟਕ ਗਈ ਤਾਂ ਨਸੀਹਤਾਂ ਬਦਲੀਆਂ: "ਚਾਕੂ ਛੁਰੀ ਤਾਂ ਨਹੀਂ ਪਈ ਮੰਜੇ 'ਤੇ? ਲੋਹੇ ਤੋਂ ਬਹੁਤ ਡਰਦੇ ਐ ਫਰੇਸਤੇ। ਐਵੇਂ ਲਟਕਿਆ ਰਹਿੰਦੈ ਬੰਦਾ। ਕਿਸੇ ਨੂੰ ਮਿਲਣ ਦੀ ਭਾਖਿਆ ਤਾਂ ਨਹੀਂ ਕੱਢੀ ਮੂੰਹੋ? ਕੱਢੀ ਐ ਤਾਂ ਤੁਰੰਤ ਬੁਲਾਓ ਬੰਦਾ। ਏਹੋ ਜਹੇ ਦੀ ਵਾਜ ਕੰਨੀ ਪਈ ਨਹੀਂ ਤੇ ਜਾਨ ਨਿਕਲੀ ਨਹੀਂ। ਬੂਹੇ ਨਾ ਬੰਦ ਕਰਿਉ ਭੁੱਲ ਕੇ ਵੀ... ਦੂਹੋ-ਦੂਹ ਆਉਂਦੇ ਐ ਜਮਦੂਤ..."

ਜਿੰਨੇ ਮੂੰਹ ਓਨੀਆਂ ਗੱਲਾਂ। ਸੁਣ ਸੁਣ ਟੱਬਰ ਕੰਬਦਾ।

ਪੁੱਤਰ ਬਾਹਰ ਗਏ ਬਿੰਦੇ-ਬਿੰਦੇ ਗੇੜਾ ਮਾਰਦੇ। ਨਾ ਜਾਣੀਏਂ ਕਦ ਲੋੜ ਪੈ ਜਾਵੇ। ਨੰਜੇ ਯੂ.ਪੀ. ਤੋਂ ਬੀਅ ਲੈਣ ਜਾਣਾ ਸੀ। ਸੁੱਚੇ ਨੀਤੂ ਦਾ ਸਾਹਾ ਕਢਾਉਣਾ ਸੀ; ਨਹੀਂ ਗਏ। ਟੱਬਰ ਸੁੱਤਾ ਪਿਆ ਵੀ ਜਾਗਦਾ ਰਹਿੰਦਾ। ਨੂੰਹਾਂ ਤਾਂ ਜਾਗਣ ਦੀ ਵਾਰੀ ਬੰਨ੍ਹ ਲਈ।

ਮੌਤ ਸੀ ਕਿ ਦਸਤਕ ਹੀ ਨਹੀਂ ਸੀ ਦੇ ਰਹੀ...।

ਸਭ ਤੋਂ ਵੱਡੀ ਚਿੰਤਾ ਗੁਰੋ ਦੇ ਹਾਲ-ਪਾਰ੍ਹਿਆ ਨਾ ਕਰਨ ਦੀ ਸੀ। ਗੁੰਮਸੁੰਮ ਪਈ ਸੀ। ਕਦੇ ਹਾਜਤ ਵੇਲੇ ਅੱਖ ਪੱਟਦੀ। ਸਹਾਰੇ ਨਾਲ ਬੈਠਦੀ। ਅੱਖਾਂ ਦੇ ਡੂੰਘੇ ਕੋਇਆਂ ਵਿਚੋਂ ਗਰਕੀ ਵੱਲ ਝਾਕਦੀ। ਮਦਦ ਨਾਲ ਕਿਰਿਆ ਸਾਧਦੀ ਤੇ ਮੰਜੀ 'ਤੇ ਪੈਂਦੀ ਗੁੰਮ। ਕੋਈ ਦੋ ਚਮਚ ਦਲੀਆ ਅੰਦਰ ਲੰਘਾਉਂਦਾ ਤਾਂ ਨਿਗਲਦੀ; ਨਹੀਂ ਦਾਣਾ-ਪਾਣੀ ਖ਼ਤਮ।

ਡਰ ਉਦੋਂ ਲੱਗਦਾ ਜਦੋਂ ਅੱਖਾਂ ਦੇ ਡੂੰਘੇ ਕੋਇਆਂ ਵਿਚੋਂ ਅਪਲਕ ਝਾਕਦੀ। ਲਗਾਤਾਰ। ਸੂਏ ਚੁਭਣ ਲੱਗਦੇ। ਅੱਖਾਂ ਸੁੰਗੜਦੀਆਂ ਤਾਂ ਲੱਗਦਾ, ਗਈ। ਅਚਾਨਕ ਹੱਥ ਕੰਬਦੇ। ਬੁੱਲ੍ਹ ਫਰਕਦੇ। ਬੁੱਲ੍ਹਾਂ ਵਿਚ ਤੜਫਦੇ ਬੋਲ, ਪਹਿਲਾਂ ਸਹਿਕਦੇ, ਫਿਰ ਮਰਦੇ, ਹਿਰਦੇ ਵਾਢ੍ਹ ਪਾਉਂਦੇ।

ਇਹ ਉਹੋ ਗੁਰੋ ਸੀ ਜੀਹਦੇ ਬੋਲ ਮਿਰਦੰਗ ਵਾਂਗ ਗੂੰਜਦੇ ਸਨ।

ਟੱਬਰ ਜਾਚੇ ਇਹਦੀ ਉਹ ਆਪ ਜ਼ਿੰਮੇਵਾਰ ਸੀ...।

ਸਭ ਨੇ ਹੱਥ ਜੋੜੇ। ਤਰਲੇ ਲਏ। ਮਿੰਨਤਾਂ ਕੀਤੀਆਂ। ਵਾਸਤੇ ਦਿੱਤੇ। ਬਈ ਰੱਬ ਦਾ ਵਾਸਤਾ ਜਦ ਵੀਹ ਸਾਲਾਂ ਤੋਂ ਪੁੱਤਾਂ ਘਰ ਦਾ ਸੀਧਾ ਚੱਕ ਲਿਆ ਤਾਂ ਨਿੱਕੀ-ਨਿੱਕੀ ਗੱਲ ਵਿਚ ਦਖ਼ਲ-ਅੰਦਾਜ਼ੀ ਕਿਉਂ?... ਜ਼ਮਾਨਾ ਬਦਲ ਗਿਆ। ਉਮਰ ਨੱਬਿਆਂ ਨੂੰ ਜਾ ਢੁੱਕੀ। ਹੁਣ ਡੰਗੋਰੀ ਫੜੋ ਤੇ ਅਗਲਿਆਂ ਨਾਲ ਕਰੋ ਗੱਲਾਂ। ਛੱਡੋ ਮੋਹ-ਮਾਇਆ। ਪਰ ਬੇਬੇ ਡੰਗੋਰੀ ਫੜਨ ਲਈ ਤਿਆਰ ਹੀ ਨਹੀਂ ਸੀ।

"ਜਦ ਨੈਣ-ਪ੍ਰਾਣ ਚਲਦੇ ਐ ਤਾਂ ਡੰਗੋਰੀ ਦੀ ਮੁਹਤਾਜੀ ਕਿਉਂ?"

ਏਧਰ ਆ ਕੇ ਗੁਰੋ ਨੇ ਵੀਹ ਸਾਲ ਫ਼ਸਲ ਬੀਜੀ। ਵੱਢੀ। ਗਾਹੀ। ਵੇਚੀ। ਲਿਆਰੀਆਂ ਨਾਲ ਖੁਰਲੀਆਂ ਭਰ ਦਿੱਤੀਆਂ। ਅਨਾਜ ਨਾਲ ਭੜੋਲੇ ਤੂਸ ਦਿੱਤੇ। ਹੁਣ ਜਿਹੜਾ ਟੱਬਰ ਡਾਲਡਾ ਤੇ ਸਬਜ਼ੀ ਮੁੱਲ ਲੈ ਕੇ ਖਾਂਦਾ ਸੀ, ਉਹ ਮੱਤਾਂ ਦੇ ਰਿਹਾ ਸੀ।

ਪੋਤੇ ਪੋਤੀਆਂ ਨੂੰ ਲੱਗਦਾ, ਸਮਾਂ ਉੱਡ ਰਿਹਾ ਸੀ; ਦਾਦੀ ਰੀਂਗ ਰਹੀ ਸੀ।

ਫ਼ਰਕ ਦਿਨ ਰਾਤ ਦਾ ਸੀ। ਪੁੱਤਾਂ ਲਈ ਇਕੋ ਰਾਹ ਸੀ ਬੇਬੇ ਨੂੰ ਬੂਹੇ ਦੀ ਚੌਧਰ ਦਿਉ, ਤੇ ਟੋਕਾ-ਟਕਾਈ ਦਾ ਫਸਤਾ ਵੱਢੋ।

ਗੁਰਾਂ ਦੇਈ ਭਾਂਪ ਗਈ। ਘਰ ਵਿਚ ਹੁਣ ਉਹਦੇ ਲਈ ਕੋਈ ਥਾਂ ਨਹੀਂ ਸੀ। ਉਹ ਨਾ ਰੋਈ। ਨਾ ਬਖੇੜਾ ਕੀਤਾ। ਬੱਸ ਇਸ ਅਹਿਸਾਸ ਨਾਲ, ਉਹਨੇ ਸਾਰੀ ਸੱਤਿਆ ਦੇਹ ਵਿਚੋਂ ਰੱਤ ਮੁੱਕਣ ਵਾਂਗ ਕਤਰਾ-ਕਤਰਾ ਮੁੱਕਦੀ ਵੇਖੀ, ਮਹਿਸੂਸ ਕੀਤੀ ਅਤੇ ਕੁਝ ਦਿਨਾਂ ਵਿਚ ਹੀ ਕਈ ਵਰ੍ਹਿਆਂ ਦੀ ਅਉਧ ਹੰਢਾ ਕੇ ਬਿਰਧ ਹੋ ਗਈ।

ਕਈ ਦਿਨ ਮੰਜੇ ਤੋਂ ਹੀ ਨਾ ਉੱਠੀ। ਮੋਇਆਂ ਹਾਰ ਪਈ ਰਹੀ। ਸਵੇਰੇ ਸ਼ਾਮ ਮੰਜੇ 'ਤੇ ਹੀ ਰੋਟੀ-ਪਾਣੀ ਮਿਲਣ ਲੱਗਾ। ਜੀਆਂ ਨਾਲ ਗੱਲ ਕਰਨ ਤੋਂ ਵੀ ਤਰਸ ਗਈ ਤਾਂ ਉਸ ਮੰਨ ਹੀ ਲਿਆ ਕਿ ਮੌਤ ਉਸ ਤੋਂ ਬਹੁਤੀ ਦੂਰ ਨਹੀਂ ਸੀ।

ਫਿਰ ਵੀ ਉਹ ਹੌਂਸਲੇ ਵਿਚ ਸੀ। ਡਿਉਢੀ ਵਿਚ ਮੰਜੇ 'ਤੇ ਪਈ ਹਰ ਅੰਦਰ ਬਾਹਰ ਵੜਦੇ ਲਈ ਅਸੀਸਾਂ ਦੀ ਝੜੀ ਲਾਈ ਰੱਖਦੀ। ਹਨੇਰ ਸਵੇਰ ਟੱਬਰ ਲਈ ਸੁੱਖਣਾ ਸੁੱਖਦੀ ਕੀੜੀਆਂ ਦੀਆਂ ਖੁੱਡਾਂ 'ਤੇ ਆਟਾ ਧੂੜਦੀ, ਕੀੜੀਆਂ

ਨਾਲ ਹੀ ਗੱਲਾਂ ਕਰੀ ਜਾਂਦੀ। ਜਾਂ ਆਸਮਾਨ ਵੱਲ ਹੱਥ ਫੈਲਾਅ ਕੇ ਪਤਾ ਨਹੀਂ ਕੀ-ਕੀ ਮੰਗਦੀ ਰਹਿੰਦੀ।

ਪੋਤੇ ਪੋਤੀਆਂ ਟਿੱਚਰਾਂ ਕਰਦੇ।

"ਦਾਦੀ ਦੀਆਂ ਸਿੱਧੀਆਂ ਗੱਲੈਂ ਰੱਬ ਨਾਲ।" ਨੀਤੂ ਆਖਦੀ।

"ਮੈਂ ਤਾਂ ਇੰਗਲੈਂਡ ਦਾ ਵੀਜਾ ਲਵਾਊਂ ਰੱਬ ਤੋਂ, ਦਾਦੀ ਦੀ ਸਿਫ਼ਾਰਸ਼ ਨਾਲ।" ਰਿੰਪੀ ਆਖਦੀ।

ਸੁੱਚਾ ਤੇ ਨੰਜਾ ਵੱਖ ਬੇਬੇ ਨੂੰ ਹਟਕਦੇ: "ਬੇਬੇ ਰੰਗ ਤਾਂ ਲੱਗੇ ਪਏ ਐ, ਹੋਰ ਕੀ ਚਾਹੀਦੈ ਜਿਹੜਾ ਆਟਾ ਡੋਲ੍ਹਦੀ ਫਿਰਦੀ ਐਂ ਖੁੱਡਾਂ 'ਤੇ...!"

ਗੁਰੋ ਨਾ ਹਟਣਾ ਸੀ, ਨਾ ਹਟੀ...। ਇਕ ਦਿਨ ਟਿੱਬੀ ਤੋਂ ਥਿੜਕ, ਕੰਗਰੋੜ ਦੇ ਮਣਕੇ ਹਿਲਾਅ ਕੇ ਮਹੀਨਿਆਂ ਲਈ ਤਖ਼ਤਪੋਸ਼ 'ਤੇ ਆ ਪਈ। ਜੀਹਦਾ ਡਰ ਸੀ ਉਹੋ ਹੋਇਆ। ਗਿੱਲਾ ਪੀਹਣਾ ਪੈ ਗਿਆ। ਬੜੇ ਇਲਾਜ ਕਰਾਏ। ਕਦੇ ਹੇਠਲਾ ਹਿੱਸਾ ਸੁੰਨ। ਕਦੇ ਉਤਲਾ। ਕਦੇ ਗੁੰਮ ਹੋ ਜਾਂਦੀ। ਕਦੇ ਉੱਠ ਕੇ ਬੈਠ ਜਾਂਦੀ। ਕਦੇ ਮੱਖੀ ਦੀ ਵੀ ਕਾਣਤ ਮੰਨਦੀ। ਕਦੇ ਪਿਸ਼ਾਬ ਨਾਲ ਬਿਸਤਰ ਭਿੱਜ ਜਾਂਦਾ। ਇਕ ਦਿਨ ਤਪੀ ਹੋਈ ਨੀਤੂ ਆਈ।

"ਦਾਦੀ ਆਪਦੇ ਰੱਬ ਨੂੰ ਕਹਿ ਲੈ ਕੇ ਤੁਰਦਾ ਹੋਵੇ। ਤੇਰੇ ਲਈ ਨਹੀਂ ਰਿਹਾ ਕੋਈ ਨਰਕ ਸਵਰਗ?"

ਨੀਤੂ ਇਕ ਤਰ੍ਹਾਂ ਚੀਕੀ ਸੀ। ਗੁਰੋ ਅੱਖਾਂ ਤਾਂ ਪੱਟੀਆਂ। ਬੁੱਲ੍ਹ ਵੀ ਹਿੱਲੇ... ਪਰ ਕੁਝ ਕਹਿ ਨਾ ਸਕੀ।

ਉਸੇ ਤ੍ਰਕਾਲ ਗੁਰੋ ਦੀਆਂ ਅੱਖਾਂ ਤਾੜੇ ਲੱਗ ਗਈਆਂ। ਟੱਬਰ ਦੀ ਭੁੱਬ ਨਿਕਲ ਗਈ।

"ਸ਼ਰਮ ਨਹੀਂ ਆਈ ਇਤਨੀ ਗੱਲ ਆਖਦੇ?" ਮਾਂ ਕਲਪੀ।

"ਮੇਰੇ ਕਹੇ ਮਰ ਤਾਂ ਨਹੀਂ ਗਈ। ਬਹੁਤਾ ਹੇਜ ਐ ਤਾਂ ਮੰਮੀ ਬਣਾ ਕੇ ਰੱਖ ਲਿਉ ਘਰੇ।" ਨੀਤੂ ਦਾ ਸਬਰ ਟੁੱਟ ਗਿਆ। ਅਸਲ 'ਚ ਗੁਰੋ ਦੇ ਸਾਹਾਂ 'ਚ ਨੀਤੂ ਦੇ ਵਿਆਹ ਦਾ ਸਾਹਾ ਅਟਕਿਆ ਪਿਆ ਸੀ।

ਇਕ ਦਿਨ ਗੁੱਲੂ ਕਿਹਾ, "ਮੈਂ ਤਾਂ ਕਹਿੰਨਾ ਹਸਤਪਤਾਲ ਦਾਖਲ ਕਰਾਓ ਪਰ੍ਹਾਂ। ਨਾਲੇ ਲੋਕ ਨਹੀਂ ਕਹਿਣਗੇ, ਦਵਾਈ ਖੁਣੋਂ ਮਾਰਤੀ ਬੁੜ੍ਹੀ।"

ਸੁੱਚਾ ਤੇ ਨੰਜਾ ਹਸਪਤਾਲ ਲਈ ਤਾਂ ਰਾਜ਼ੀ ਨਾ ਹੋਏ। ਅਵੇਸਲੇ ਜ਼ਰੂਰ ਹੋ ਗਏ। ਅਵੇਸਲੇ ਹੋਣ ਦਾ ਇਕ ਕਾਰਨ ਇਹ ਵੀ ਸੀ ਕਿ ਪਿਛਲੇ ਦਿਨਾਂ ਵਿਚ ਜਿਤਨੀ ਵੇਰੀਂ ਬੇਬੇ ਹੋਸ਼ ਵਿਚ ਆਈ, ਨਾ ਉਸ ਹਾਲ-ਪਾਰ੍ਹਿਆ ਕੀਤੀ, ਨਾ ਕੁਝ ਮੰਗਿਆ। ਬਸ ਅਪਲਕ ਦੇਖਦੀ ਰਹਿੰਦੀ। ਅੱਖਾਂ ਵਿਚ ਅੱਥਰੂ ਭਰਦੀ। ਬੁੱਲ੍ਹਾਂ ਵਿਚ ਕੁਝ ਬੁਦਬੁਦਾਉਂਦੀ ਅਤੇ ਇਸ ਤਰ੍ਹਾਂ ਮੱਥਾ ਤਣਦੀ ਜਿਵੇਂ ਕਿਸੇ ਅਕਹਿ ਪੀੜ ਵਿਚੋਂ ਲੰਘ ਰਹੀ ਹੋਵੇ। ਹੁਣ ਅਜਿਹੀ ਗੱਲ ਦਾ ਕੋਈ ਕੀ ਫ਼ਿਕਰ ਕਰੇ?... ਵੱਧ ਤੋਂ ਵੱਧ ਬੁੱਲ੍ਹ ਫ਼ਰਕਦੇ। ਅੱਖਾਂ 'ਚੋਂ ਪਾਣੀ ਸਿੰਮਦਾ। ਅਪਲਕ ਦੇਖੀ ਜਾਣਾ। ਭਾਵਹੀਣ। ਨਿਰਛਲ। ਨਿਰਵਿਕਾਰ।

ਇਸ ਲਈ ਕਈ ਦਿਨਾਂ ਤੋਂ ਟੱਬਰ ਬੇਫ਼ਿਕਰ ਸੌਂ ਰਿਹਾ ਸੀ। ਕੋਈ ਪਹਿਲਾਂ ਉੱਠਣ ਵਾਲਾ ਨਬਜ਼ ਟੋਂਹਦਾ। ਨੱਕ ਦੇ ਸਵੱਰ ਤੋਂ ਤਸੱਲੀ ਕਰਦਾ। 'ਹੈਗੀ ਐ' ਕਹਿ ਕੇ ਕੰਮ ਲੱਗ ਜਾਂਦਾ।

ਅਚਾਨਕ ਗਜ਼ਬ ਹੋ ਗਿਆ।

ਇਕ ਸਵੇਰ ਗੁਰੋ ਦੇਖਦੇ ਚੀਕ ਮਾਰੀ। ਬੇਬੇ ਮੰਜੇ ਤੋਂ ਡਿੱਗੀ ਪਈ ਸੀ।

ਖੇਲ੍ਹ ਖਤਮ। ਅੱਖ ਦੇ ਫੋਰ 'ਚ ਟੱਬਰ ਉੱਠ ਖੜ੍ਹਿਆ। ਨੂੰਹਾਂ ਰੋਣ ਲੱਗੀਆਂ ਤਾਂ ਸੁੱਚੇ ਹਟਕਿਆ।

"ਰੁਕੋ! ਪਹਿਲਾਂ ਟਾਈਮ ਦੇਖੋ ਕੀ ਐ?"

"ਚਾਰ।" ਕਿਸੇ ਕਿਹਾ।

"ਪਹਿਲਾਂ ਬਿਸਤਰ ਬਦਲੋ ਛੇਤੀ... ਨਾਲ ਬੇਬੇ ਦੇ ਕੱਪੜੇ ਵੀ।" ਉਸ ਪਤਨੀ ਨੂੰ ਕਿਹਾ। "ਰਾਜਵੰਤ ਨੂੰ ਬੇਬੇ ਕੋਲ ਬਿਠਾਅ। ਕੁੜੀਆਂ ਨੂੰ ਚਾਹ ਪਾਣੀ ਪਿਆ ਤੇ ਬਿਸਤਰੇ ਚੁੱਕ ਸਾਰੇ। ਤੁਸੀਂ ਨਾਲ ਚੱਲੋ ਮੇਰੇ।" ਉਹਨੇ ਨੰਜੇ, ਗੁੱਲੂ ਤੇ ਬੱਬੂ ਨੂੰ ਕਿਹਾ।

ਉਹ ਸੁਫ਼ੇ 'ਚ ਆ ਰਹੇ।

"ਤੂੰ ਮੰਡੀ ਨੂੰ ਕਰ ਖਿੱਟ, ਲੱਕੜ ਬਾਲਣ ਦਾ ਕਰ ਇੰਤਜ਼ਾਮ।" ਉਸ ਨੰਜੇ ਨੂੰ ਕਿਹਾ। "ਤੂੰ ਸਮੱਗਰੀ ਲਿਖ ਸਾਰੀ। ਖੱਫ਼ਣ, ਚੰਦਨ, ਘਿਉ, ਬਾਕੀ ਨਿੱਕ-ਸੁੱਕ।

ਅਚਾਨਕ ਚਿੰਤ ਕੁਰ ਆ ਖੜ੍ਹੀ: "ਕੌਣ ਜਾਊ ਮੰਡੀ?"

"ਕਿਉਂ?"

"ਬੇਬੇ ਲਈ ਚੁੰਨੀ ਚਾਹੀਦੀ ਐ ਚਿੱਟੀ, ਵਧੀਆ। ਇਕ ਵੱਖਰੀ ਮੇਰੇ ਲਈ ਵੀ...।"

"ਦੇਖੋ ਇਹਦੀ ਅਕਲ... ਪਹਿਲਾਂ ਤੈਨੂੰ ਹੀ ਨਾ ਫੂਕ ਲਈਏ? ਖੱਫਣ ਨਾਲ ਘਰ ਦਾ ਕੱਪੜ ਵੀ ਖਰੀਦੇਂਗੀ?"

"ਮੇਰੇ ਕੋਲ ਹੈ ਨਹੀਂ ਕੋਈ ਚੱਜ ਦੀ..."

"ਓ ਜਾਹ ਤੂੰ ਕੰਮ ਕਰ ਮੂਰਖ਼ ਕਿਸੇ ਥਾਂ ਦੀ...।

ਹਾਂ ਤਾਂ ਬੱਬੂ, ਤੂੰ ਜਾਹ ਪੁੱਤ ਆਪਣੇ ਤੇ ਗੁੱਲੂ ਦੇ ਨਾਨਕੇ। ਬਾਅਦ ਦੁਪਹਿਰ ਦਾ ਕਹਿ ਸਸਕਾਰ ਦਾ... ਗੁੱਲੂ ਤੂੰ ਸਮਾਨ ਲਿਖ...।"

"ਦੱਸੋ ਤੁਸੀਂ, ਲਿਖਣ ਨੂੰ ਕੀ ਐ।"

"ਭਾਈ ਨੂੰ ਅਰਦਾਸ ਲਈ ਕਹਿਣੈ। ਪਾਣੀ ਦਾ ਟੱਬ ਵਿਹੜੇ ਵਿਚ ਤੇ ਵੀਹ ਕਿਲੋ ਦੁੱਧ ਡੇਅਰੀ ਤੋਂ। ਧੀਰੂ ਨੂੰ ਕਹਿਣੈ, ਚਾਹ ਬਣਦੀ ਰਹੇ। ਨੰਜਾ ਸਿਹਾਂ ਇਕ ਗੱਲ ਤਾਂ ਭੁੱਲ ਹੀ ਗਿਆ। ਬਬਾਣ ਸਜਾਉਣ ਲਈ ਕਾਗਤੀ ਫੁੱਲ, ਲੜੀਆਂ, ਭੁਕਾਨੇ। ਪਤਾਸੇ, ਮੂੰਗਫਲੀਆਂ, ਸਿਵਿਆਂ 'ਚ ਵੰਡਣ ਲਈ।"

"ਪੈਸੇ ਬਦਾਮ ਛੁਹਾਰੇ ਨਹੀਂ ਸਿੱਟੋਗੇ ਬਬਾਣ ਤੋਂ?" ਬੱਬੂ ਯਾਦ ਕਰਵਾਇਆ।

"ਓ ਹਾਂ, ਇਹ ਤਾਂ ਭੁੱਲ ਹੀ ਗਏ। ਹੋਰ ਕਰੋ ਯਾਦ। ਦੇਖਿਆ ਨਹੀਂ ਸੀ, ਦੁਆਬੀਆਂ ਕੀ ਬੁੜ੍ਹੀ ਵੇਲੇ ਕੀ ਜਲੂਸ ਨਿਕਲਿਆ।"

ਚਿੰਤ ਕੁਰ ਫਿਰ ਆ ਖੜ੍ਹੀ: "ਨੀਤੂ ਕੇ ਸਹੁਰਿਆਂ ਨੂੰ ਸੱਦਣੈ?"

"ਦੇਖੋ ਇਸ ਤੀਵੀਂ ਦੀ ਮੱਤ? ਕੱਚੇ ਕੁਆਰੇ ਸਾਕਾਂ ਨੂੰ ਮਰਗ 'ਤੇ ਸੱਦੇਂਗੀ?"

"ਮੈਂ ਕਿਹਾ ਬੇਬੇ ਨੂੰ ਚਾਅ ਬੜਾ ਸੀ ਨੀਤੂ ਦੇ ਵਿਆਹ ਦਾ।"

ਚਿੰਤ ਕੁਰ ਅੱਖਾਂ ਭਰ ਆਈ।

"ਫੁੱਲਾਂ ਦਾ ਵੀ ਹੁਣੇ ਸੋਚ ਲਉ।" ਨੰਜਾ ਆਖ ਰਿਹਾ ਸੀ।

"ਅੱਜ ਫੂਕਾਂਗੇ ਤਾਂ ਕੱਲ੍ਹ ਹੀ ਚੁਗਾਂਗੇ। ਹਾਂ ਇਕ ਗੱਲ, ਆਪਣੇ ਲਾਗੀ ਨੂੰ ਕਿਹੋ ਸਸਕਾਰ ਵੇਲੇ ਨੇੜੇ ਰਹੇ। ਲੋਈਆਂ, ਦੁਸ਼ਾਲੇ ਉਹਨੂੰ ਚੁਕਾਉ ਗ਼ਰੀਬ ਨੂੰ।"

"ਮੂੰਗਫਲੀ ਪਤਾਸੇ ਲਫ਼ਾਫ਼ਿਆਂ ਵਿਚ ਦੇਈਏ ਕੇ ਖੁੱਲ੍ਹੇ?"

"ਖੁੱਲ੍ਹੇ ਦਿਉ ਬੁੱਕ-ਬੁੱਕ।"

"ਮੂੰਗਫਲੀਆਂ 'ਚ ਪਤਾਸੇ ਪਾਈਏ ਕੇ ਬਦਾਨਾ?" ਬੱਬੂ ਕਿਹਾ।

"ਨਾ, ਨਾ, ਬਦਾਨਾ ਤਾਂ ਦਿੱਸਣਾ ਨਹੀਂ।"

"ਦੇਖੋ, ਮੈਂ ਬੈਠਦਾਂ ਬੇਬੇ ਕੋਲ। ਗੁੱਲੂ ਲਿਆਊ ਦਰੀਆਂ ਗੁਰਦੁਆਰਿਉਂ।"

ਸਭ ਨੂੰ ਤੋਰ ਕੇ ਸੁੱਚਾ ਸਿਹੁੰ ਇਕ ਵੇਰ ਘਰ ਵਿਚ ਫਿਰ ਕੇ ਚੁਫ਼ੇਰੇ ਤਰਦੀ ਜਿਹੀ ਨਿਗਾਹ ਮਾਰੀ। ਸਭ ਕੁਝ ਥਾਂ ਸਿਰ ਸੀ। ਹਨੇਰੇ ਵਿਚ ਚਾਨਣ ਦੀਆਂ ਪਰਤਾਂ ਘੁਲ ਰਹੀਆਂ ਸਨ। ਰਾਜਵੰਤ ਉਵੇਂ ਬੇਬੇ ਦੀ ਪੁਆਂਦੀ ਊਂਧੀ ਪਾਈ ਬੈਠੀ ਸੀ। ਸੋਚ ਰਹੀ ਸੀ। ਸੱਸ ਨੇ ਧੀਆਂ ਤੋਂ ਵੱਧ ਰੱਖਿਆ ਅੱਜ ਸਾਥ ਛੱਡ ਗਈ।

ਸੁੱਚੇ ਕੁੜੀਆਂ ਨੂੰ ਬਾਹਰ ਬੈਠਕ 'ਚ ਜਾਣ ਨੂੰ ਕਿਹਾ। ਰਾਜਵੰਤ ਨੂੰ ਵੀ ਕਿਹਾ, ਉਹ ਜਾਵੇ ਅਤੇ ਭੁੰਜੇ ਵਿਛਾਉਣ ਲਈ ਕੁਝ ਲਿਆਵੇ। ਆਪ ਬੇਬੇ ਦੀ ਪੁਆਂਦੀ ਬੈਠ ਗਿਆ।

ਬੇਬੇ ਨਾਲ ਅੱਧੀ ਸਦੀ ਦਾ ਸਾਥ ਸੀ। ਮਨ ਅੰਦਰ ਖੋਹ ਪਈ। ਇਕੋ ਦੁੱਖ ਹੋਇਆ। ਪੋਤੇ ਪੋਤੀਆਂ ਨੂੰ ਬੇਬੇ ਰਾਸ ਕਿਉਂ ਨਾ ਆਈ।

ਦਿਲ ਕੀਤਾ, ਜਾਂਦੀ ਵਾਰ ਮਾਂ ਦਾ ਮੂੰਹ ਦੇਖ ਲਵੇ। ਜਿਵੇਂ ਹੀ ਉਹ ਉੱਠਿਆ ਡਾਡ ਮਾਰ ਕੇ ਡਿੱਗਦਾ ਡਿੱਗਦਾ ਬਚਿਆ। ਵਿਹੜੇ 'ਚ ਖੜ੍ਹ ਕੇ ਉੱਚੀ ਪੁੱਛਿਆ:

"ਬੇਬੇ ਦਾ ਪਾਸਾ ਕਿਸ ਪਰਤਿਆ?"

"ਕਿਸੇ ਨਹੀਂ।" ਸਭ ਅਵਾਕ ਖੜ੍ਹੇ ਸਨ।

"ਰੋਕੋ ਸਭ ਨੂੰ...।"

ਉਹ ਹਨੇਰੀ ਵਾਂਗ ਅੰਦਰ ਗਿਆ ਤੇ ਬੇਬੇ ਨੂੰ ਝੰਜੋੜਿਆ।

"ਬੇਬੇ... ਬੇਬੇ...।"

ਕੋਈ ਹਰਕਤ ਨਹੀਂ। ਹੱਥ ਫੜਿਆ। ਸੀਤ ਸੀ। ਨੱਕ ਅੱਗੇ ਹੱਥ ਕੀਤਾ। ਕੋਈ ਸਾਹ ਨਹੀਂ ਸੀ। ਫੜਿਆ ਹੱਥ ਛੱਡਣ ਹੀ ਲੱਗਾ ਸੀ ਕਿ ਅਚਾਨਕ ਫੜੇ ਹੱਥ ਵਿਚ ਥਰਥਰਾਹਟ ਹੋਈ। ਸੁੱਚਾ ਕੰਬਿਆ।

"ਬੇਬੇ...ਬੇਬੇ..." ਲੱਗਾ ਉਹ ਖ਼ੁਦ ਮਰ ਰਿਹਾ ਸੀ।

ਉਹ ਫਿਰ ਬੇਬੇ ਦੇ ਚਿਹਰੇ ਲਾਗ ਨਿੰਵਿਆ। ਉਡੀਕਿਆ। ਬਹੁਤ ਦੇਰ ਬਾਅਦ ਬੇਬੇ ਦੇ ਕੋਇਆਂ ਤੋਂ ਪਲਕਾਂ ਸਰਕੀਆਂ। ਬੁੱਲ੍ਹ ਕੰਬੇ। ਹੱਥ ਵਿਚੋਂ ਕੰਬਣੀ ਲੰਘੀ... ਸੁੱਚੇ ਦੀ ਭੁੱਬ ਨਿਕਲ ਗਈ।

ਇਕਾਇਕ ਸਾਰੇ ਟੱਬਰ ਦਾ ਹੀ ਅੜਾਟ ਉੱਚਾ ਹੋਇਆ।

ਟੱਬਰ ਭੁੱਲ ਹੀ ਗਿਆ। ਲੋਕ ਮੌਤ 'ਤੇ ਰੋਂਦੇ ਸਨ। ਉਹ ਮਾਂ ਦੇ ਜਿਉਂਦੇ ਹੋਣ 'ਤੇ ਰੋ ਰਹੇ ਸਨ।

.................................................

# ਅਨਾਜ ਨੂੰ ਸੁਯੋਗ ਤਰੀਕੇ ਨਾਲ ਸੁਕਾਉਣ ਵਾਸਤੇ ਸੋਲਰ ਬਬਲ ਡਰਾਇਅਰ



**ਡਾ. ਆਲਾ ਸਿੰਘ**

ਕਰੋੜਾਂ ਟਨ ਕਣਕ, ਮੱਕੀ, ਸੋਇਆਬੀਨ, ਚੌਲ ਅਤੇ ਹੋਰ ਅਨਾਜ ਜਿਵੇਂ ਕਿ ਸੋਰਘਮ, ਸੂਰਜਮੁਖੀ ਦੇ ਬੀਜ, ਰੇਪਸੀਡ/ਕਨੋਲਾ, ਜੌਂ, ਜਵੀ ਆਦਿ ਨੂੰ ਅਨਾਜ ਸੁਕਾਉਣ ਵਾਲੇ ਮਸ਼ੀਨਾਂ ਵਿੱਚ ਸੁਕਾਇਆ ਜਾਂਦਾ ਹੈ। ਮੁੱਖ ਖੇਤੀਬਾੜੀ ਦੇਸ਼ਾਂ ਵਿੱਚ, ਸੁਕਾਉਣ ਵਿੱਚ ਅਨਾਜ ਦੇ ਆਧਾਰ 'ਤੇ, ਲਗਭਗ 17-30% ਤੋਂ 8-15% ਦੇ ਮੁੱਲਾਂ ਤੱਕ ਨਮੀ (Moisture) ਦੀ ਕਮੀ ਸ਼ਾਮਲ ਹੁੰਦੀ ਹੈ। ਅਨਾਜ ਅਕਸਰ 14% ਤੱਕ ਸੁੱਕ ਜਾਂਦੇ ਹਨ, ਜਦੋਂ ਕਿ ਤੇਲ ਬੀਜਾਂ ਨੂੰ 12.5% (ਸੋਇਆਬੀਨ), 8% (ਸੂਰਜਮੁਖੀ) ਅਤੇ 9% (ਮੂੰਗਫਲੀ) ਤੱਕ ਸੁਕਾਇਆ ਜਾਂਦਾ ਹੈ। ਫਸਲ ਦੀ ਗੁਣਵੱਤਾ ਨੂੰ ਸੁਰੱਖਿਅਤ ਰੱਖਣ ਲਈ ਸੁਕਾਉਣਾ ਮਹੱਤਵਪੂਰਨ ਪਹਿਲਾ ਕਦਮ ਹੈ। ਫਸਲਾਂ ਨੂੰ ਸਹੀ ਨਮੀ ਦੀ ਮਾਤਰਾ (Moisture Content) ਵਿੱਚ ਵਾਢੀ ਤੋਂ ਬਾਅਦ ਤੁਰੰਤ ਸੁਕਾਉਣਾ ਇੱਕ ਪ੍ਰਭਾਵਸ਼ਾਲੀ ਅਭਿਆਸ ਹੈ, ਜੋ ਉੱਲੀ ਦੇ ਵਾਧੇ ਅਤੇ ਸੰਕਰਮਣ ਨੂੰ ਘੱਟ ਕਰਦਾ ਹੈ।



ਉਦਯੋਗਿਕ-ਪੈਮਾਨੇ ਦੇ ਅਨਾਜ ਸੁਕਾਉਣ ਵਾਲੇ ਸੈੱਟਅੱਪ

ਆਮ ਤੌਰ 'ਤੇ ਛੋਟੇ ਕਿਸਾਨਾਂ ਦੇ ਪੱਧਰ 'ਤੇ ਅਨਾਜ ਸੁਕਾਉਣ ਦਾ ਕੰਮ ਨਹੀਂ ਕੀਤਾ ਜਾਂਦਾ। ਇਸ ਉਦੇਸ਼ ਲਈ ਵੱਡੇ ਪੱਧਰ 'ਤੇ ਉਦਯੋਗਿਕ ਡ੍ਰਾਇਅਰ ਦੀ ਵਰਤੋਂ ਕੀਤੀ ਜਾਂਦੀ ਹੈ। ਪਰ ਹੋ ਸਕਦਾ ਹੈ ਕਿ ਕਿਸਾਨ ਲਈ ਆਪਣੀ ਉਪਜ ਨੂੰ ਡਰਾਇਰ ਵਿੱਚ ਲਿਜਾਣਾ ਹਮੇਸ਼ਾ ਆਰਥਿਕ **ਪੱਖ ਤੋਂ ਸੋਖਾ** ਨਹੀਂ ਹੁੰਦਾ। ਇਸ ਮੰਤਵ ਲਈ, ਛੋਟੇ ਪੈਮਾਨੇ ਦੇ ਫਾਰਮ 'ਤੇ ਵਰਤੋਂ ਲਈ ਲਾਗੂ ਸੰਬੰਧਿਤ ਤਕਨੀਕਾਂ ਬਹੁਤ ਫਾਇਦੇਮੰਦ ਹਨ। ਕਈ ਵਾਰ ਕੁਝ ਕੁ ਕਿਸਾਨਾਂ ਦਾ ਅਨਾਜ ਉਤਪਾਦਾਂ ਦੀ ਥੋੜ੍ਹੀ ਜਿਹੀ ਮਾਤਰਾ ਵਾਸਤੇ ਇੱਕ ਵੱਡੀ ਸਮਰੱਥਾ ਵਾਲੇ ਡਰਾਇਅਰ ਨੂੰ ਚਲਾਉਣ ਨੂੰ ਜਾਇਜ਼ ਠਹਿਰਾਉਣ ਲਈ ਕਾਫੀ ਨਹੀਂ ਹੁੰਦਾ। ਅਜਿਹੇ ਮਾਮਲਿਆਂ ਵਿੱਚ, ਕਿਸਾਨਾਂ ਨੂੰ ਖੁਦ ਅਨਾਜ ਸੁਕਾਉਣ ਦਾ ਪ੍ਰਬੰਧ ਕਰਨ ਦੀ ਲੋੜ ਹੁੰਦੀ ਹੈ।




**ਸੋਲਰ ਬਬਲ ਡਰਾਇਅਰ**
**Solar Bubble Dryer (SBD™)**

GrainPro® ਦੁਆਰਾ ਇੰਟਰਨੈਸ਼ਨਲ ਰਾਈਸ ਰਿਸਰਚ ਇੰਸਟੀਚਿਊਟ (IRRI) ਅਤੇ Hohenheim ਯੂਨੀਵਰਸਿਟੀ (UOH) ਜਰਮਨੀ ਦੇ ਸਹਿਯੋਗ ਨਾਲ ਵਿਕਸਿਤ ਕੀਤਾ ਗਿਆ, ਸੋਲਰ ਬਬਲ ਡ੍ਰਾਇਅਰ™ (SBD™) ਇੱਕ ਆਧੁਨਿਕ ਸੂਰਜ ਨਾਲ ਸੁਕਾਉਣ ਵਾਲੀ ਨਵੀਨਤਾ ਹੈ, ਜੋ ਫਸਲਾਂ 'ਤੇ ਅਣਪਛਾਤੇ ਮੌਸਮ ਦੇ ਪ੍ਰਭਾਵਾਂ ਨੂੰ ਘੱਟ ਕਰਦੀ ਹੈ। ਸੁਕਾਉਣ ਦੇ ਪੜਾਅ ਦੇ ਦੌਰਾਨ SBD ਅਨਾਜ

ਅਤੇ ਬੀਜਾਂ ਨੂੰ 1% ਨਮੀ ਦੀ ਮਾਤਰਾ Moisture Content ਪ੍ਰਤੀ ਦੋ ਘੰਟੇ ਦੀ ਔਸਤ ਸੁਕਾਉਣ ਦੀ ਦਰ (ਚਾਵਲ ਅਤੇ ਮੱਕੀ 'ਤੇ ਆਧਾਰਿਤ) 'ਤੇ ਸੁਕਾ ਸਕਦਾ ਹੈ। ਇਸਦਾ ਪਾਰਦਰਸ਼ੀ, UV- ਅਤੇ ਪਾਣੀ-ਰੋਧਕ ਪੋਲੀਥੀਨ (LDPE) Bubble Dryer ਨੂੰ ਗਰਮ ਕਰਨ ਲਈ ਸੂਰਜੀ ਰੇਡੀਏਸ਼ਨ ਨੂੰ ਢੱਕਦਾ ਹੈ। ਨਮੀ ਨੂੰ ਫਿਰ ਵਾਸ਼ਪੀਕਰਨ ਕੀਤਾ ਜਾਂਦਾ ਹੈ ਅਤੇ ਵੈਂਟੀਲੇਟਰਾਂ ਦੁਆਰਾ ਬਾਹਰ ਧੱਕ ਦਿੱਤਾ ਜਾਂਦਾ ਹੈ, ਜੋ Bubble Dryer ਦੀ ਸ਼ਕਲ ਨੂੰ ਵੀ ਬਰਕਰਾਰ ਰੱਖਦਾ ਹੈ। ਸੁਕਾਉਣ ਵਾਲਾ ਫਰਸ਼ ਹੇਠਾਂ ਤੋਂ ਪਾਣੀ ਦੇ ਪ੍ਰਵਾਹ ਨੂੰ ਰੋਕਣ ਲਈ ਇੱਕ ਮਜ਼ਬੂਤ ਵਾਟਰਟਾਈਟ ਸਮੱਗਰੀ ਦਾ ਬਣਿਆ ਹੁੰਦਾ ਹੈ। ਉੱਪਰਲੇ ਢੱਕਣ ਅਤੇ ਸੁਕਾਉਣ ਵਾਲੀ ਮੰਜ਼ਿਲ ਨੂੰ ਭਾਰੀ-ਡਿਊਟੀ ਜ਼ਿੱਪਰਾਂ ਦੁਆਰਾ ਜੋੜਿਆ ਜਾਂਦਾ ਹੈ। SBD ਦੋ ਆਕਾਰਾਂ ਵਿੱਚ ਆਉਂਦਾ ਹੈ। SBD25™ ਦਾ ਸੁਕਾਉਣ ਵਾਲਾ ਖੇਤਰ 269 $ft^2$ ਹੈ, ਜਦੋਂ ਕਿ SBD50™ ਦਾ ਸੁਕਾਉਣ ਵਾਲਾ ਖੇਤਰ 538 $ft^2$ ਹੈ।



ਸੋਲਰ ਬਬਲ ਡ੍ਰਾਇਅਰ ਦੇ ਪੱਖੇ ਨੂੰ ਸੋਲਰ ਪੈਨਲ ਜਾਂ ਬੈਟਰੀ ਨਾਲ ਚਲਾਇਆ ਜਾ ਸਕਦਾ ਹੈ।

ਦੋਵੇਂ ਸੋਲਰ ਅਤੇ ਪਲੱਗ-ਇਨ ਇਲੈਕਟ੍ਰਿਕ ਮਾਡਲਾਂ ਵਿੱਚ ਆਉਂਦੇ ਹਨ। ਪਾਵਰ ਦੀ ਵਰਤੋਂ ਹਵਾਦਾਰੀ ਲਈ ਕੀਤੀ ਜਾਂਦੀ ਹੈ (SBD25 ਲਈ ਇੱਕ ਪੱਖਾ, SBD50 ਲਈ ਦੋ), ਜੋ Bubble ਨੂੰ ਫੁੱਲਿਆ ਵੀ ਰੱਖਦਾ ਹੈ।

ਸੋਲਰ ਮਾਡਲ ਬੈਟਰੀ ਨੂੰ ਮੁੜ-ਚਾਰਜ ਕਰਨ ਲਈ ਚਾਰਜ ਕੰਟਰੋਲਰ ਨਾਲ ਆਉਂਦੇ ਹਨ।

ਪੱਖਾ ਸੋਲਰ ਬਬਲ ਡਰਾਇਅਰ ਦਾ ਇੱਕ ਮਹੱਤਵਪੂਰਨ ਭਾਗ ਹੈ। ਇਸ ਨੂੰ ਸੋਲਰ ਪੈਨਲ ਜਾਂ ਬੈਟਰੀ ਨਾਲ ਚਲਾਇਆ ਜਾ ਸਕਦਾ ਹੈ। 2425 ਵਿੱਚ, ਲਗਭਗ 450 ਕਿਲੋ ਅਨਾਜ, ਅਤੇ 2450 ਵਿੱਚ, 900 ਕਿਲੋ ਅਨਾਜ ਨੂੰ ਸੁਕਾਇਆ ਜਾ ਸਕਦਾ ਹੈ। ਅਨਾਜ ਦੀ ਸਹੀ ਮਾਤਰਾ ਇਸ ਦੀ ਥੋਕ ਘਣਤਾ ਤੇ ਨਿਰਭਰ ਕਰਦੀ ਹੈ। ਸਾਰਾ ਸਿਸਟਮ ਪੋਰਟੇ-ਬਲ ਹੈ ਅਤੇ ਇਸੇ ਥਾਂ ਨੂੰ ਆਸਾਨੀ ਨਾਲ ਤਬਦੀਲ ਕੀਤਾ ਜਾ ਸਕਦਾ ਹੈ। ਇਹ ਅਨਾਜ ਨੂੰ ਕਟਾਈ ਤੋਂ ਬਾਅਦ ਹੋਣ ਵਾਲੇ ਨੁਕਸਾਨ, ਪੰਛੀਆਂ ਅਤੇ ਹੋਰ ਜਾਨਵਰਾਂ ਤੋਂ ਬਚਾਉਂਦਾ ਹੈ। ਇਹ ਰਵਾਇਤੀ ਸੋਲਰ ਡ੍ਰਾਇਅਰ ਦੇ ਮੁਕਾਬਲੇ ਤੇਜ਼ੀ ਨਾਲ ਸੁਕਾਉਣ ਦਾ ਪ੍ਰਬੰਧ ਕਰਦਾ ਹੈ।



ਦਾਣਿਆਂ ਨੂੰ ਹਿਲਾਉਣ ਵਾਸਤੇ ਆਸਾਨ ਔਜ਼ਾਰ

GRAINPRO, INC.
STORING THE FUTURE






'ਸੁਕਾਉਣ ਵਾਲਾ ਢਾਂਚਾ' ਇੱਕ ਛੋਟੇ ਜਿਹੇ ਰੂਪ ਵਿੱਚ ਤਹਿ ਹੋ ਜਾਂਦਾ ਹੈ ਅਤੇ ਮੁੜ-ਸਥਾਪਨਾ ਵਾਸਤੇ ਇਸਨੂੰ ਆਸਾਨੀ ਨਾਲ ਕਿਸੇ ਹੋਰ ਸਥਾਨ 'ਤੇ ਲਿਜਾਇਆ ਜਾ ਸਕਦਾ ਹੈ

ਕੁਸ਼ਲ ਸੁਕਾਉਣ ਦੇ ਯੋਗ ਬਣਾਉਣ ਲਈ ਦਾਣਿਆਂ ਨੂੰ ਹਿਲਾਉਣ ਲਈ ਅਸਾਨ ਸਾਧਨ ਪ੍ਰਦਾਨ ਕੀਤੇ ਜਾਂਦੇ ਹਨ। ਕਿਉਂਕਿ ਇਸ ਨੂੰ ਪੈਕ ਕੀਤਾ ਜਾ ਸਕਦਾ ਹੈ ਅਤੇ ਮੁੜ-ਇੰਸਟਾਲ ਕੀਤਾ ਜਾ ਸਕਦਾ ਹੈ, ਇਸ ਲਈ ਕਿਸਾਨ ਵੱਧ ਤੋਂ ਵੱਧ ਲਾਭ ਨੂੰ ਯਕੀਨੀ ਬਣਾਉਣ ਲਈ ਆਪਸੀ ਸਹਿਯੋਗ ਨਾਲ ਅਜਿਹੇ ਉਤਪਾਦ ਖਰੀਦ ਸਕਦੇ ਹਨ। ਅਨੁਕੂਲ ਨਮੀ ਦੀ ਮਾਤਰਾ ਵਾਲੇ ਅਨਾਜ ਬਾਜ਼ਾਰ ਵਿੱਚ ਵਧੀਆ ਕੀਮਤਾਂ ਪ੍ਰਾਪਤ ਕਰਨਗੇ।

# ਬੀਤੇ ਦੀਆਂ ਪੈੜਾਂ



**(ਅਣਛਪਿਆ-ਭਾਗ)**

**(ਪਿਛਲੇ ਅੰਕ ਤੋਂ ਅੱਗੇ)**

**ਪ੍ਰੀਤਮ ਸਿੰਘ ਕਵੀ**

### 9 ਜਨਵਰੀ 1987, ਸ਼ੁੱਕਰਵਾਰ
### ਨਵੀਂ ਦਿੱਲੀ

**ਸੈਂਚਰੀ ਸੋਵੀਨਰ -** ਮਿੱਤਰ ਖੜਕ ਸਿੰਘ ਭਮਰਾ ਦਾ ਲੜਕਾ ਅਮਰਜੀਤ ਸਿੰਘ ਆਪਣੀ ਪਤਨੀ ਨਰਿੰਦਰ ਕੌਰ ਅਤੇ ਨਵ-ਪੁੱਤਰ ਅਵਤਾਰ ਸਿੰਘ ਨਾਲ, ਕੁਛ ਦਿਨਾਂ ਦਾ ਮੇਡਨਹੈੱਡ, ਯੂ. ਕੇ. ਵਿੱਚੋਂ ਆਪਣੇ ਸਹੁਰੇ ਘਰ, ਸ. ਮੱਖਣ ਸਿੰਘ ਨਿਰਮਾਣ ਦੇ ਨਿਵਾਸ ਬੀ-66 ਮਾਨਸਰੋਵਰ ਗਾਰਡਨ, ਨਵੀਂ ਦਿੱਲੀ ਵਿੱਚ ਆਇਆ ਹੋਇਆ ਹੈ। ਉਹਦੇ ਪੁੱਤਰ ਨੂੰ ਪਿਆਰ ਦੇਣ ਹਿਤ ਮੈਂ ਤੇ ਮੇਰੀ ਸ਼੍ਰੀਮਤੀ ਮਾਨਸਰੋਵਰ ਗਾਰਡਨ ਗਏ। ਅਮਰਜੀਤ ਸਿੰਘ ਭਮਰਾ ਨੇ 'ਇੰਡੀਅਨ ਨੈਸ਼ਨਲ ਕਾਂਗਰਸ' ਸੈਂਚਰੀ ਸੋਵੀਨਰ 1885-1986 ਮੈਨੂੰ ਭੇਟ ਕੀਤੀ। ਇਸ ਉਸਨੇ ਇੰਡੀਅਨ ਯੂਥ ਕਾਂਗਰਸ ਯੂ. ਕੇ. ਦੇ ਚੀਫ਼ ਆਰਗੇਨਾਈਜ਼ਰ ਦੇ ਤੌਰ ਤੇ ਛਪਵਾਈ ਸੀ।

ਮੇਰੀ ਦਿਲਚਸਪੀ ਇਸ ਵਿੱਚ ਏਸ ਗੱਲੋਂ ਸੀ ਕਿ ਟਾਈਟਲ ਦੇ ਅੰਦਰ ਪ੍ਰਥਮ ਪੇਜ਼ ਤੇ ਹੀ ਰਾਸ਼ਟਰਪਤੀ ਜ਼ੈਲ ਸਿੰਘ ਨਾਲ ਦੋ ਨਾਮਧਾਰੀਆਂ ਦੀ ਫੋਟੋ ਛਪੀ ਹੋਈ ਸੀ ਅਮਰਜੀਤ ਸਿੰਘ ਭਮਰਾ ਅਤੇ ਸ. ਅਮਰ ਸਿੰਘ ਨਿਰਮਾਣ ਦਿੱਲੀ ਦੀ।

ਦੂਜੇ ਇਸ ਸੋਵੀਨਰ ਅੰਦਰ ਇੱਕ ਲੇਖ ਅਜ਼ਲ ਐਮ. ਏ. ਦਾ ਲਿਖਿਆ "ਸਤਿਗੁਰੂ ਰਾਮ ਸਿੰਘ'ਜ਼ ਪੁਲੀਟੀਕਲ ਫਿਲਾਸਫ਼ੀ" ਸੀ। ਗੁਰੂ ਰਾਮ ਸਿੰਘ ਜੀ ਨੂੰ ਗੁਰੂ ਬਾਲਕ ਸਿੰਘ ਜੀ ਦੁਆਰਾ ਗੱਦੀ ਦੇਣ ਦੀ ਇੱਕ ਤਸਵੀਰ ਅਤੇ ਇੱਕ ਫੋਟੋ ਸਤਿਗੁਰੂ ਪ੍ਰਤਾਪ ਸਿੰਘ ਜੀ, ਸਤਿਗੁਰੂ ਜਗਜੀਤ ਸਿੰਘ ਜੀ ਪੰ. ਜਵਾਹਰ ਲਾਲ ਨਹਿਰੂ ਪ੍ਰਧਾਨ ਮੰਤਰੀ ਭਾਰਤ ਅਤੇ ਇੰਦਰਾ ਗਾਂਧੀ ਆਦਿ ਦੀ ਮਿਲਵੀਂ ਸੀ। ਇਸ ਸੋਵੀਨਰ ਵਿੱਚ ਹੋਰਨਾਂ ਤੋਂ ਇਲਾਵਾ ਨਾਮਧਾਰੀਆਂ ਦੇ ਵੀ ਕਾਰੋਬਾਰੀ ਇਸ਼ਤਿਹਾਰ ਸਨ। ਯੂ. ਕੇ. ਵਿੱਚ ਇਸ ਨੌਜਵਾਨ ਦਾ ਉੱਦਮ ਸਲਾਹੁਣਯੋਗ ਹੈ।

**ਜਾ ਕੇ ਪਤਾ ਕਰੋ -** ਇਹਨਾਂ ਨੂੰ ਮਿਲ ਕੇ ਵਾਪਸ ਘਰ ਆ ਰਹੇ ਸਾਂ ਕਿ ਮਾਨਸਰੋਵਰ-ਰਜੌਰੀ ਗਾਰਡਨ ਦੇ ਰਿੰਗ ਰੋਡ ਚੌਂਕ ਤੇ ਸੇਠ ਵਜਿੰਦਰ ਸਿੰਘ ਬੈਂਕੋਕ ਵਾਲੇ ਮਿਲ ਪਏ। ਉਹਨਾਂ ਪੁੱਛਿਆ : ਸਤਿਗੁਰਾਂ ਦਾ ਦਰਸ਼ਨ ਕਰ ਆਏ ਹੋ? "ਕਿੱਥੇ ਨੇ?" ਮੈਂ ਪੁੱਛਿਆ। "ਉਹ ਤਾਂ ਪਰਸੋਂ ਰਾਤ ਦੇ ਦਿੱਲੀ ਵਿੱਚ ਹਨ। ਸਤਿਗੁਰੂ ਜੀ ਨੂੰ ਪਨਿਹਾਰੀ (ਸਰਸਾ) ਜਾਣ ਲੱਗਿਆਂ ਬੁਖਾਰ ਹੋ ਗਿਆ ਸੀ (ਗ਼ਾਲਬਨ ਖਾਂਸੀ ਦੇ ਜ਼ੋਰ ਅਤੇ ਦਿਨ ਰਾਤ ਦੀ ਖੇਚਲ ਨਾਲ)। ਦਿੱਲੀ ਡਾ. ਮੂਸਾ ਨੂੰ ਫ਼ੋਨ ਕਤਿਾ ਗਿਆ। ਡਾਕਟਰ ਕਿਸੇ ਦੀ ਕਾਰ ਤੇ ਉਸੇ ਵੇਲੇ ਲੁਧਿਆਣੇ ਗਿਆ। ਲੁਧਿਆਣਿਓਂ ਪਤਾ ਲੱਗਾ ਸੱਚੇ ਪਾਤਸ਼ਾਹ ਸਰਸੇ ਚਲੇ ਗਏ ਹਨ। ਡਾਕਟਰ ਵੀ ਪਿੱਛੇ ਹੀ ਗਿਆ। ਓਥੇ ਹਾਲਾਤ ਵੇਖ ਕੇ ਉਸਨੇ ਅਰਜ਼ ਕੀਤੀ : ਕਿਰਪਾ ਕਰਕੇ ਦਿੱਲੀ ਚੱਲੋ। ਸਾਰੇ ਧਾਰਮਿਕ ਅਧਾਰਮਿਕ ਪ੍ਰੋਗਰਾਮਾਂ ਨੂੰ ਵਿੱਚੇ ਛੱਡ ਕੇ ਦਿੱਲੀ ਵਿੱਚ ਇਕਾਂਤ ਰਹੋ। ਮੈਂ ਇਲਾਜ਼ ਕਰਾਂਗਾ। ਸੋ ਸਤਿਗੁਰੂ ਜੀ ਪਰਸੋਂ ਦੇ ਪੂਸਾ ਰੋਡ ਕੋਠੀ ਜ਼ੇਰਿ ਇਲਾਜ਼ ਹਨ। ਜਾਓ ਪਤਾ ਕਰ ਆਓ ਅਤੇ ਹੁਣ ਭਾਵੇਂ ਦਰਸ਼ਨ ਨਾ ਕਰਾਂ ਪਰ ਸਿਹਤ ਬਾਰੇ ਜਾਣ ਕੇ ਹੀ ਆਵਾਂਗਾ ਕੱਲ੍ਹ ਨੂੰ।

### 10 ਜਨਵਰੀ 1987, ਸ਼ਨੀਵਾਰ
### ਨਵੀਂ ਦਿੱਲੀ

**ਗੁਰੂ ਕਾ ਦਰਸ਼ਨ -** ਸਤਿਗੁਰੂ ਜੀ ਵਲੋਂ ਹੁਕਮ ਸੀ ਕਿ ਕੋਈ ਸਰੀਰ ਕੋਠੀ ਪੂਸਾ ਰੋਡ ਨਾ ਆਵੇ। ਦੋ ਵੇਲੇ ਦੇ ਸਾਧ ਸੰਗਤ ਦੇ ਦੀਵਾਨ ਤੇ ਨਾਮ ਸਿਮਰਨ, ਨਿਜੀ ਨਿਤਨੇਮ ਵਿੱਚ ਤਬਦੀਲ ਹੋ ਗਏ ਸਨ। ਸ੍ਰੀ ਸਤਿਗੁਰੂ ਜੀ ਦੀ ਸਿਹਤ ਨੂੰ ਮੁੱਖ ਰੱਖ

ਕੇ ਮੈਥੋਂ ਰਿਹਾ ਨਾ ਗਿਆ। ਸੋਚਿਆ ਨਿਜੀ ਸੇਵਕਾਂ ਤੋਂ ਪਤਾ ਕਰਕੇ ਹੇਠੋਂ ਹੀ ਮੁੜ ਆਵਾਂਗਾ।

ਪਰ ਜਦੋਂ ਅਸੀਂ ਦੋਵੇਂ ਜੀ ਕੋਠੀ ਪਹੁੰਚੇ, ਕੋਠੀ ਦਾ ਆਲਾ ਦੁਆਲਾ ਖ਼ਾਮੋਸ਼ ਸੀ, ਕਿਧਰੇ ਕੋਈ ਜੀਅ ਜੁਆਤਰੂ ਨਹੀਂ ਸੀ। ਪਰ ਲੰਗਰ ਪਾਸ ਸਾਨੂੰ ਦੋ ਮਾਈਆਂ ਮਿਲ ਪਈਆਂ। ਪਤਾ ਲੱਗਾ ਸੱਚੇ ਪਾਤਸ਼ਾਹ ਬਾਹਰ ਕਿਤੇ ਗਏ ਹੋਏ ਹਨ, ਆਉਣ ਹੀ ਵਾਲੇ ਹਨ।

10 ਕੁ ਮਿੰਟ ਤੱਕ ਚਹਿਲ ਬਹਿਲ ਹੋ ਗਈ। ਜਿਵੇਂ ਵਿਅਕਤੀਆਂ ਦੀ ਇੱਕ ਲਹਿਰ ਜਿਹੀ ਆ ਗਈ ਹੋਵੇ। ਉੱਚੀਆਂ ਮੁੱਛਾਂ ਵਾਲੇ ਬਲਦੇਵ ਸਿੰਘ ਨਜ਼ਰ ਪਿਆ ਤਾਂ ਪੁੱਛਿਆ : ਹਜ਼ੂਰ ਦੀ ਸਿਹਤ? ਉਸ ਕਿਹਾ : ਹੁਣੇ ਦਰਸ਼ਨ ਕਰ ਲਇਓ ਤੇ ਵੇਖ ਲਿਓ। ਤਦੇ ਖ਼ਬਰ ਜੁ ਮੁਸਕਰਾਂਦੇ ਹੋਏ ਦੀਨ ਦਿਆਲ ਮੇਰੇ ਸਾਹਵੇਂ ਆ ਖਲੇ। ਮੈਂ ਖਾਮੋਸ਼, ਮੱਥਾ ਟੇਕਿਆ। ਆਪ ਹੀ ਬੋਲੇ : ਬਹੁਤ ਚਿਰ ਸਬਰ ਕਰਨਾ ਪਿਆ ਹੋਵੇਗਾ? ਵੇਖਣ ਨੂੰ ਸਤਿਗੁਰੂ ਜੀ ਦਾ ਸਰੀਰ ਸਵਸਥ ਸੀ। ਆਪ ਰਵਾਂ ਰਵੀਂ ਪੌੜੀਆਂ ਚੜ੍ਹ ਗਏ।

ਸੰਤ ਤਰਸੇਮ ਸਿੰਘ ਨੂੰ ਪੁੱਛਿਆ ਤਾਂ ਪਤਾ ਲੱਗਾ ਕਿ ਆਪ ਹੁਣੇ ਦੀਵਾਨ ਚੰਦ ਅਗਰਵਾਲ ਹਸਪਤਾਲ ਵਿੱਚੋਂ ਸਾਰੇ ਸਰੀਰ ਦੀ ਚੈੱਕ ਅੱਪ ਕਰਵਾਕੇ ਆਏ ਹਨ। ਬੁਖਾਰ ਤਾਂ ਡਾ. ਮੂਸਾ ਦੇ ਪ੍ਰਯਤਨਾਂ ਦੁਆਰਾ ਹਟ ਗਿਆ ਹੈ ਪਰ ਇੱਕ ਹਫ਼ਤੇ ਲਈ ਉਸਨੇ ਕੋਈ ਵੀ ਪਬਲਿਕ ਦੀਵਾਨ ਤੇ ਆਪ ਮਿਲਣ-ਗਿਲਣ ਰੋਕ ਰੱਖਿਆ ਹੈ। ਖਾਂਸੀ ਅਜੇ ਹੱਟ ਨਹੀਂ ਰਹੀ। ਅਤੇ ਅਸੀਂ ਘਰ ਨੂੰ ਤੁਰ ਆਏ।

## 11 ਜਨਵਰੀ 1987, ਐਤਵਾਰ
## ਨਵੀਂ ਦਿੱਲੀ

**ਭੁੱਲਰ ਨਾਲ ਮਿਲਣੀ –** ਜੀ ਤਾਂ ਕਰਦਾ ਸੀ ਸਰਵ ਪ੍ਰਥਮ ਸ੍ਰੀ ਸਤਿਗੁਰੂ ਜੀ ਦੀ ਸਵਸਥ ਪ੍ਰਕਿਰਿਆ ਜਾਣ ਕੇ ਆਈਏ, ਪਰ ਪਹਿਲਾਂ ਤੋਂ ਮਿਥੇ ਕਾਰਜ ਕਰਮ ਅਨੁਸਾਰ ਪੰਜਾਬੀ ਦੇ ਪ੍ਰਬੁਧ ਤੇ ਪ੍ਰਸਿੱਧ ਕਹਾਣੀਕਾਰ ਸ. ਗੁਰਬਚਨ ਸਿੰਘ ਭੁੱਲਰ, ਐਨ. ਡੀ. 50 ਪ੍ਰੀਤਮਪੁਰਾ ਨੂੰ ਮਿਲਣ ਚਲੇ ਗਏ। ਉਸਨੇ ਮਾਸਿਕ ਪੱਤਰ 'ਵਰਿਆਮ' ਜਲੰਧਰ ਵਿੱਚ (ਅਕਤੂਬਰ 86) ਮੇਰਾ ਹਲਫਨਾਮਾ ਪੜ੍ਹਕੇ "ਕਵੀ ਜੀ ਦਾ ਝੂਠ" ਨਾਮੀ ਲੇਖ ਲਿਖਿਆ ਸੀ। ਸੁਭਾਵਕ ਹੀ ਮੈਂ ਪ੍ਰਸੰਨ ਸਾਂ ਕਿ ਇੱਕ ਵੱਡੇ ਪੰਜਾਬੀ ਕਥਾ ਲੇਖਕ ਦੀ ਦ੍ਰਿਸ਼ਟੀ ਦਾ ਪਾਤਰ ਬਣਿਆ ਸਾਂ। ਬੰਦਾ ਆਪਣੇ ਬਾਰੇ ਕਿਸੇ ਦਾ ਚੰਗਾ ਮੰਦਾ ਪੜ੍ਹਕੇ ਪ੍ਰਸੰਨ ਜਾਂ ਅਪ੍ਰਸੰਨ ਹੁੰਦਾ ਹੀ ਹੈ।

ਮੈਂ ਤੇ ਮੇਰੀ ਪਤਨੀ 11.30 ਵਜੇ ਭੁੱਲਰ ਦੇ ਘਰ ਪਹੁੰਚ ਗਏ। ਉਸ ਦਿਨ ਉਨ੍ਹਾਂ ਦੇ ਰਿਸ਼ਤੇਦਾਰ ਸ. ਰਘੁਬੀਰ ਸਿੰਘ ਢਿੱਲੋਂ ਮੋਹਾਲੀ ਤੋਂ ਅਤੇ ਵਲਾਇਤ ਵਾਲੇ ਭੂਆ ਜੀ ਆਪਣੇ ਪੁੱਤਰ ਨਾਲ ਆਏ ਹੋਏ ਸਨ। ਪਰਸਪਰ ਫਤਹਿ ਫਤੂਹੀ ਕਰਨ ਉਪਰੰਤ ਜਿਵੇਂ ਸ. ਭੁੱਲਰ ਦਾ ਬੰਨ੍ਹ ਟੁੱਟ ਪਿਆ ਅਤੇ ਪਿਥੋ (ਉਸਦੇ ਜਨਮ ਨਗਰ ਰਿ. ਨਾਭਾ) ਦੀਆਂ ਕਹਾਣੀਆਂ ਛਿੜ ਪਈਆਂ। ਉਸਨੇ ਕੇਸੀ ਸ਼ਨਾਨ ਕੀਤਾ ਹੋਣ ਕਰਕੇ ਵਾਲ ਪਿੱਛੇ ਸੁੱਟੇ ਹੋਏ ਸਨ। ਸਾਰੀਆਂ ਸਹੂਲਤਾਂ ਭਰਿਆ ਅਤੇ ਸ਼ੌਂਕ ਨਾਲ ਸਜਾਏ ਮਕਾਨ ਦੇ ਡਰਾਇੰਗ ਰੂਮ ਵਿੱਚ ਸਾਡੀ ਬੈਠਕ ਸੀ। ਇਸੇ ਅੰਦਰ ਤਿੰਨੇ ਪ੍ਰਾਹੁਣੇ, ਉਹਦੀ ਪਤਨੀ ਗੁਰਸ਼ਰਨ ਕੌਰ ਤੇ ਮੇਰੀ ਪਤਨੀ ਗੁਰਬਚਨ ਇਹਨਾਂ ਠੋਸ ਤੇ ਸੱਚੀਆਂ ਕਹਾਣੀਆਂ ਦੇ ਸਰੋਤੇ ਸਨ। ਮੈਂ ਆਪਣੀ ਕਲਮੀ ਸਾਦਗੀ ਨਾਲ ਘਟਨਾਵਾਂ ਨੂੰ ਸੰਭਾਲਣ ਦੇ ਖਿਆਲ ਨਾਲ ਉਨ੍ਹਾਂ ਦਾ ਸੰਕਲਨ ਕਰਦਾ ਹਾਂ।

**ਭਾਈ ਸਾਹਿਬ ਦਾ ਪਿਛੋਕੜ –** ਗੱਲ ਏਥੋਂ ਤੁਰੀ ਕਿ ਪਿਥੋ ਦੇ ਜੰਮਪਲ ਹੁੰਦਿਆਂ ਵੀ, ਮਹਾਨ ਕੋਸ਼ ਦੇ ਰਚਨਹਾਰ ਭਾਈ ਕਾਨ੍ਹ ਸਿੰਘ ਨਾਭਾ ਨੇ ਕਦੇ ਆਪਣੇ ਆਪ ਨੂੰ ਪਿਥੋ ਵਾਲਾ ਨਹੀਂ ਲਿਖਿਆ। ਕਾਰਨ ਇਹ ਸੀ ਕਿ ਪਿੰਡ ਦੇ ਜੱਟ ਆਪਣੇ ਬੇਪਰਵਾਹ ਸੁਭਾਅ ਕਾਰਨ ਉਹਦੀ ਸੰਸਾਰਕ ਵਡੱਪਣ ਜਾਂ ਯੋਗਤਾ ਨੂੰ ਅੰਗਦੇ ਨਹੀਂ ਸਨ, ਸਗੋਂ ਕੀਨਾ ਖੋਰੀ ਜਿਹੀ ਨਾਲ ਪਿਛੋਕੜ ਲੈ ਬਹਿੰਦੇ ਸਨ। ਜਿਵੇਂ ਭਾਈ ਸਾਹਿਬ ਦੇ ਦਾਦੇ ਤੇ ਇੱਕ ਵਾਰ ਬਹੁਤ ਜ਼ੋਰਦਾਰ ਗਰੀਬੀ ਨਾਜ਼ੁਲ ਹੋ ਗਈ। ਹਾਲਾਤ ਏਥੋਂ ਤੱਕ ਪਹੁੰਚ ਗਏ ਕਿ ਉਸਨੂੰ ਪਿੰਡ ਦੇ ਤੇਲੀ ਤੋਂ ਕੁਛ ਰਕਮ ਕਰਜ਼ ਲੈਣੀ ਪਈ। ਅੰਤ ਹੋਰ ਜ਼ੁਲਮ ਇਹ ਕਿ ਉਹ ਮੁੜ ਕੇ ਅਦਾ ਨਾ ਕੀਤੀ ਜਾ ਸਕੀ। ਛਿੱਥੇ ਪਏ ਤੇਲੀ ਨੇ ਇੱਕ ਵਾਰ ਬਹੁਤ ਘਟੀਆ ਜ਼ਿਆਦਤੀ ਕਰ ਦਿੱਤੀ। ਇਸ ਸ਼ਰਮਸ਼ਾਰੀ ਨੂੰ ਮਹਿਸੂਸ ਕਰਦਿਆਂ ਉਹ ਪਿੰਡ ਹੀ ਛੱਡ ਗਿਆ। ਨਾਭੇ ਆ ਕੇ ਰਿਹਾਇਸ਼ ਕਰ ਲਈ ਤੇ ਜਿਵੇਂ ਕਿਵੇਂ ਪਲ ਪੂਰੇ ਹੋਣ ਲੱਗੇ। ਭਾਈ ਸਾਹਿਬ ਜੀ ਦੇ ਪਿਤਾ ਭਾਈ ਨਰਾਇਣ ਸਿੰਘ ਜੀ ਨੇ ਨਾਭੇ ਆਉਣ ਦਾ ਲਾਭ ਇਹ ਉਠਾਇਆ ਕਿ ਗੁਰਮੁਖੀ ਅੱਖਰ ਪੜ੍ਹ ਲਏ ਤੇ ਫੇਰ ਗ੍ਰੰਥ ਸਾਹਿਬ ਜੀ ਦੇ ਸਾਧਾਰਨ ਤੇ ਅਖੰਡ ਪਾਠ ਕਰ ਕੇ ਗੁਜ਼ਾਰਾ ਤੋਰ ਲਿਆ।

**ਹੀਰਾ ਸਿੰਘ ਨੂੰ ਰਾਜ ਤਿਲਕ –** ਓਧਰ ਨਾਭੇ ਦਾ ਮਹਾਰਾਜਾ ਭਗਵਾਨ ਸਿੰਘ (1871 ਈ.) ਮਰ ਗਿਆ। ਉਹ ਲਾ-

ਉਲਾਦ ਸੀ। ਅੰਗਰੇਜ਼ਾਂ ਨੇ ਭਾਰਤ ਦੀਆਂ ਰਿਆਸਤਾਂ ਦੇ ਸਿਰ ਤੇ ਆਪਣਾ ਤਸੱਲਤ ਬਣਾਈ ਰੱਖਣ ਲਈ ਰੈਜ਼ੀਡੈਂਟ (ਰਿਆਸਤ ਲਈ ਸਰਚਉੱਚ ਅਧਿਕਾਰੀ) ਕਾਇਮ ਕਰ ਰੱਖੇ ਸਨ। ਨਾਭੇ ਦੇ ਮਹਾਰਾਜ ਨਾਲ ਸੰਬੰਧਤ ਖਾਨਦਾਨਾਂ ਦੇ ਕੁਰਸੀ ਨਾਮੇ ਵੇਖੇ ਗਏ, ਪਰ ਕਿਸੇ ਨੂੰ ਅੰਗਰੇਜ਼ ਸਰਕਾਰ ਵਿਰੋਧੀ, ਕਿਸੇ ਨੂੰ ਸਰੀਰੋਂ ਹੀਣਾ ਤੇ ਕਿਸੇ ਨੂੰ ਮਾਨਸਿਕ ਤੌਰ ਤੇ ਅਵਿਕਸਤ ਵੇਖ ਕੇ, ਦੂਰੋਂ ਨੇੜਿਓਂ ਹੀਰਾ ਸਿੰਘ ਜੱਟ (ਪਿੰਡ ਬਡਰੁੱਖਾਂ) ਤੇ ਗੁਣਾ ਜਾ ਪਿਆ। ਉਹ ਖੇਤਾਂ ਵਿੱਚੋਂ ਕੰਮ ਕਰਦਾ ਹੀ, ਰਾਜ ਤਿਲਕ ਲਈ ਉਠਾ ਲਿਆ ਗਿਆ।

ਕਿਉਂਕਿ ਰਾਜਾ ਸਿੱਧਾ ਹੀ ਕਿਰਤੀਆਂ ਕਿਸਾਨਾਂ ਵਿੱਚੋਂ ਆਇਆ ਸੀ, ਉਸਨੇ ਰਿਆਸਤ ਵਿੱਚ ਕਈ ਅੱਛੇ ਸੁਧਾਰ ਕੀਤੇ। ਸਵੇਰੇ ਸਵੇਰੇ ਉਹ ਦਰਬਾਰ ਵੀ ਲਾਇਆ ਕਰਦਾ ਸੀ ਅਤੇ ਪ੍ਰਤਿਭਾਵਾਨ ਵਿਅਕਤੀ ਨੂੰ ਇਨਾਮ ਕਰਾਮ ਦਿੰਦਾ ਜਾਂ ਆਪਣੇ ਕੰਮਾਂ ਦੇ ਮੁੰਤਜ਼ਿਮ ਬਣਾ ਉਨ੍ਹਾਂ ਦੀ ਕਦਰ ਕਰਦਾ। ਇੱਕ ਵਾਰ ਉਸਨੂੰ ਦਰਬਾਰ ਵਿੱਚ ਕਿਸੇ ਦੀ ਪੱਗ ਬੜੀ ਵਧੀਆਂ ਲੱਗੀ, ਉਸਨੇ ਪੱਗ ਵਾਲੇ ਨੂੰ 25/- ਦੇਣ ਵਾਸਤੇ ਖਜ਼ਾਨਚੀ ਨੂੰ ਹੁਕਮ ਕੀਤਾ। ਪੱਗ ਵਾਲੇ ਭਾਈ ਨੂੰ ਮੂਰਖਤਾ ਸੁੱਝੀ, ਉਸਨੇ ਫੜ੍ਹ ਮਾਰੀ : ਇਹ ਤਾਂ ਜੀ ਮੇਰੀ ਕੱਲ੍ਹ ਦੀ ਬੱਧੀ ਹੋਈ ਹੈ ਕਿਤੇ ਅੱਜ ਦੀ ਬੱਧੀ ਵੇਖਇਓ। ਮਹਾਰਾਜ ਨੇ ਤੁਰੰਤ ਹੁਕਮ ਦਿੱਤਾ : ਇਸਤੋਂ 50/- ਜੁਰਮਾਨਾ ਵਸੂਲੋ, ਇਸਨੇ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮ ਦੀ ਉਲੰਘਣਾ ਕੀਤੀ ਹੈ।

ਇੰਜ ਹੀ ਇੱਕ ਦਰਬਾਰ ਵਿੱਚ ਭਾਈ ਕਾਨ੍ਹ ਸਿੰਘ ਦੇ ਪਿਤਾ ਭਾਈ ਨਾਰਾਇਣ ਸਿੰਘ ਨੇ ਗੁਰਬਾਣੀ ਦਾ ਸ਼ੁੱਧ, ਸਪਸ਼ਟ ਤੇ ਸਰਲ ਪਾਠ ਸੁਣਾਇਆ। ਮਹਾਰਾਜ ਹੀਰਾ ਸਿੰਘ ਬਹੁਤ ਪ੍ਰਸੰਨ ਹੋਇਆ ਅਤੇ ਇਨਾਮ ਦਿੱਤੇ। ਫੇਰ ਪਤਾ ਲੱਗਾ ਕਿ ਭਾਈ ਨਾਰਾਇਣ ਸਿੰਘ ਇੱਕੋ ਚੌਂਕੜੇ ਤੇ ਬੈਠ ਕੇ 24 ਘੰਟਿਆਂ ਵਿੱਚ ਇਕੱਲੇ ਹੀ ਗੁਰੂ ਗ੍ਰੰਥ ਸਾਹਿਬ ਦਾ ਅਖੰਡ ਪਾਠ ਕਰ ਲੈਂਦੇ ਹਨ। ਇਹਦੇ ਲਈ ਇੱਕ ਹਫ਼ਤਾ ਪਹਿਲਾਂ ਹੀ ਉਹ ਆਪਣੀ ਖੁਰਾਕ ਵਿੱਚ ਪਰਿਵਰਤਨ ਕਰ ਦਿੰਦੇ ਹਨ, ਐਸੀਆਂ ਚੀਜ਼ਾਂ ਖਾਂਦੇ ਜਿਨ੍ਹਾਂ ਨਾਲ ਪਿਸ਼ਾਬ ਟੱਟੀ ਦੀ ਹਾਲਤ ਖਤਮ ਹੋ ਜਾਂਦੀ। ਇਹ ਜਾਣ ਕੇ ਮਹਾਰਾਜ ਹੀਰਾ ਸਿੰਘ ਨੇ ਨਾਰਾਇਣ ਸਿੰਘ ਜੀ ਨੂੰ ਕਿਹਾ : ਜੇ ਤੁਸੀਂ ਇੱਕੋ ਚੌਂਕੜੇ ਤੇ ਸਾਰੇ ਆਦਿ ਗ੍ਰੰਥ ਜੀ ਦਾ ਪਾਠ ਕਰ ਲੈਂਦੇ ਹੋ ਤਾਂ ਮੈਂ ਸਾਰਾ ਪਾਠ ਬੈਠ ਕੇ ਸੁਣਾਂਗਾ, ਪਰ ਮੈਂ ਕੁਛ ਖਾਣ ਪੀਣ ਤੇ ਟੱਟੀ ਪਿਸ਼ਾਬ ਜਾਣ ਦੀ ਆਗਿਆ ਜ਼ਰੂਰ ਚਾਹਾਂਗਾ ਅਤੇ ਫਿਰ ਮਹਾਰਾਜਾ ਨੇ ਸਾਰਾ ਪਾਠ ਵਿਧੀ ਪੂਰਵਕ ਸੁਣਿਆ। ਭਾਈ ਨਾਰਾਇਣ ਸਿੰਘ ਜੀ ਦੀਆਂ ਲੱਤਾਂ ਦਾ ਖ਼ੂਨ ਇਸ ਪਾਠ ਨਾਲ ਰੁੱਕ ਗਿਆ ਅਤੇ ਮਹਾਰਾਜ ਨੇ ਆਪ ਉਨ੍ਹਾਂ ਨੂੰ ਚੁੱਕ ਕੇ ਉਠਾਇਆ, ਸੇਵਾ ਕਰਵਾ ਕੇ ਲੱਤਾਂ ਦੇ ਪਠੇ ਮੁੜ ਚਾਲੂ ਕਰਵਾਏ। ਮਹਾਰਾਜਾ ਨੇ ਪ੍ਰਸੰਨ ਹੋ ਕੇ ਪਿੰਡ ਪਿਥੋ ਵਿੱਚ ਜਾਗੀਰ ਦਿੱਤੀ, ਕੁਛ ਨਾਲ ਦੇ ਪਿੰਡ ਕਰਿਆੜ ਵਿੱਚ ਵੀ। ਭਾਈ ਨਾਰਾਇਣ ਸਿੰਘ ਮਹਾਰਾਜਾ ਦੇ ਨਿਜੀ ਗੁਰਦੁਆਰੇ ਵਿੱਚ ਗ੍ਰੰਥੀ ਹੋ ਗਏ। ਇਸ ਭਾਈ ਕਾਨ੍ਹ ਸਿੰਘ (ਨਾਭਾ) ਨੂੰ ਉੱਚੀ ਤਾਲੀਮ ਦਾ ਮੌਕਾ ਮਿਲ ਗਿਆ ਮਹਾਰਾਜਾ ਦੀ ਮਿਹਰਬਾਨੀ ਨਾਲ।

**ਸੂਬਾ ਸ਼ੇਰ ਸਿੰਘ ਪਿਥੋ –** ਸ. ਗੁਰਬਚਨ ਸਿੰਘ ਭੁੱਲਰ ਨੇ ਏਨੀ ਕੁ ਗੱਲ ਭਾਈ ਕਾਨ੍ਹ ਸਿੰਘ ਦੀ ਕਰਕੇ ਮੈਨੂੰ ਦੱਸਿਆ ਕਿ ਨਾਮਧਾਰੀਆਂ ਦੇ ਸੂਬਾ ਸ਼ੇਰ ਸਿੰਘ ਜੀ ਇਹਨਾਂ ਦੇ ਹੀ ਸ਼ਰੀਕੇ ਵਿੱਚੋਂ ਸਨ। ਮੇਰੇ (ਕਵੀ) ਕੱਦ ਕਾਠ ਦੇ ਤੇ ਮੇਰੀ ਹੀ ਚਾਲ ਢਾਲ ਦੇ। ਫਬਣ ਵੀ ਉਨ੍ਹਾਂ ਦੀ ਮੇਰੇ ਸਮਾਨ ਹੁੰਦੀ। ਸੂਬਾ ਜੀ ਬੜੇ ਵਧੀਆ ਸਲੀਕੇ ਦੇ ਆਦਮੀ ਸਨ। ਇਹਨਾਂ ਦੇ ਤਿੰਨ ਲੜਕੇ ਸਨ- ਸ. ਨਾਹਰ ਸਿੰਘ, ਸ. ਤਾਰਾ ਸਿੰਘ ਅਤੇ ਸ. ਭੋਲਾ ਸਿੰਘ। ਸ. ਨਾਹਰ ਸਿੰਘ ਦਾ ਬੀਬਾ ਤੇ ਕਾਫ਼ੀ ਵਿਹਾਰੀ ਸੱਜਣ ਸੀ। ਉਸਨੇ ਖੇਤੀ ਨਾਲ ਵਾਸਤਾ ਨਾ ਰੱਖ ਆਰਾ ਤੇ ਰੂੰ ਦਾ ਕਾਰਖਾਨਾ ਫੂਲ ਮੰਡੀ ਵਿੱਚ ਲਗਾ ਰੱਖਿਆ ਸੀ।

ਸ. ਭੁੱਲਰ ਨੇ ਕਹਾਣੀ ਚੋਂ ਕਹਾਣੀ ਤੋਰੀ ਕਿ ਪਿੰਡ ਪਿਥੋ ਦੀ ਇੱਕ ਸੁਹਣੀ ਤੇ ਸੁਬਰ ਤੀਵੀਂ ਕਿਸੇ ਪਰਿਵਾਰਕ ਬਖੇੜੇ ਤੋਂ ਤੰਗ ਆ ਕੇ ਡਾਕੂ ਬਣ ਗਈ। ਉਹ ਪਿੰਡ ਦੇ ਦੋ ਚੋਬਰ ਮੁੰਡੇ ਵੀ ਉਧਾਲ ਕੇ ਲੈ ਗਈ। ਉਹਦਾ ਨਾਅਰਾ ਸੀ : ਪਿਥੋ ਦਾ ਕੱਖ ਨਹੀਂ ਛੱਡਣਾ। ਉਹਨੇ ਅਨੇਕਾਂ ਕਤਲ ਕੀਤੇ ਤੇ ਪਿਥੋ ਵਿੱਚ ਹੀ ਕਰਵਾਏ। ਇੱਕ ਦਿਨ ਸ਼ਾਮੀਂ ਸ. ਨਾਹਰ ਸਿੰਘ ਮੰਡੀ ਵਲੋਂ ਪਿੰਡ ਨੂੰ ਮੁੜਿਆ ਆ ਰਿਹਾ ਸੀ। ਇੱਕ ਦੋ ਜਾਣੂੰ ਰਾਹਗੀਰ ਤੀਵੀਂਆਂ ਨੇ ਕਿਹਾ ਵੀ ਕਿ ਨਾਹਰ ਸਿੰਘ ਅੱਗੇ ਨਾ ਜਾਵੇ, ਅੱਗੇ ਗੇਂਦ ਕੁਛ ਭੈੜੇ ਬੰਦਿਆਂ ਨਾਲ ਬੈਠੀ ਹੈ। ਡਾਕੂ ਔਰਤ ਦਾ ਸਰੀਰ ਕਠਵਾਂ, ਗਿੱਠਾ ਜਿਹਾ ਤੇ ਗੋਲ ਮਟੋਲ ਹੋਣ ਕਰਕੇ ਉਸਦਾ ਨਾਂ ਗੇਂਦ ਹੀ ਪ੍ਰਚਲਤ ਹੋ ਗਿਆ ਸੀ। ਅਸਲ ਨਾਂ ਦਾ ਕਿਸੇ ਨੂੰ ਪਤਾ ਨਹੀਂ। ਪਰ ਸ. ਨਾਹਰ ਸਿੰਘ ਇਸ ਬੇਪਰਵਾਹੀ ਨਾਲ ਅੱਗੇ ਵਧਿਆ ਕਿ ਉਹ ਤਾਂ ਕਿਸੇ ਦਾ ਦੋਖੀ ਨਹੀਂ, ਉਹਦੀ ਕਿਸੇ ਨਾਲ ਦੁਸ਼ਮਣੀ ਨਹੀਂ ਪਰ ਉਸ ਮੂੰਹ ਜ਼ੋਰ ਤੀਵੀਂ ਨੇ ਆਪਣੇ ਬੰਦਿਆਂ ਰਾਹੀਂ ਉਸਨੂੰ ਤਕੜਾ ਵੱਢ ਟੁੱਕ ਕੇ ਫਿਰ ਜੰਡ ਮਲ੍ਹਿਆਂ ਦੇ ਪਰੇ ਖੜਸੁਕ ਜਹੇ ਬਾਲਣ ਤੇ ਧਰ ਕੇ ਜਿਉਂਦੇ ਨੂੰ ਹੀ ਸਾੜ ਦਿੱਤਾ।

ਇਸ ਦੁਰਘਟਨਾ ਦਾ ਪ੍ਰਭਾਵ ਸੂਬਾ ਸ਼ੇਰ ਸਿੰਘ ਤੇ ਬਹੁਤ ਗਹਿਰਾ ਪਿਆ। ਫਿਰ ਉਹ ਕਿਵੇਂ ਸਭ ਪਾਸਿਆਂ ਤੋਂ ਨਿਰਾਸ਼ ਹੋ ਗਏ। ਅੰਤ ਉੱਤੇ ਤਾਂ ਉਹਨਾਂ ਦਾ ਮਸਤਕ ਵੀ ਜਵਾਬ ਦੇ ਗਿਆ।

**ਚਲਦਾ....**

# South Africa's biggest cities are out of water, but the dams are full: what's gone wrong



**Anja Du Plessis**

South Africa's major cities in the Gauteng Province – the country's economic heartland – are experiencing major water shortages. In Johannesburg and Tshwane taps have run dry, with numerous areas experiencing intermittent supply while some areas have no water at all.

The province has metropolitan areas – the City of Johannesburg, Tshwane and Ekurhuleni. All are affected. Rand Water, the water authority for the region, has imposed restrictions of 30%. This will be revisited when the system recovers.

The last water shutdown was in November 2021 when Rand Water cut off water for 54 hours so that it could to do infrastructure maintenance. There were also restrictions during the drought in 2015-2017.

The province serves as a perfect example of how an area can experience water shortages and intermittent supply even though dams are full.

The biggest problem lies with decaying infrastructure. This includes water storage, water supply and treatment. In addition water resources are poorly managed. And there's been poor planning, a lack of financing to maintain ageing infrastructure and to keep up with rapid urbanisation.

The crisis in Gauteng has been developing over many decades. The water and sanitation infrastructure in Johannesburg is old – some water pipes were installed nearly a century ago. In addition, there's been exponential growth – of businesses and the population.

Gauteng is South Africa's smallest province, but contributes 45% to the country's total economic output. All economic sectors have expanded in the past decades.

The province's population has also increased to just over 16 million – up from 12 million in 2011.

Rand Water has indicated that high water consumption is to blame for the current shortages. Estimates suggest that water consumption in Gauteng per person per day is over 300 litres, well above the global average of 173 litres. Importantly, this estimate includes non-revenue water – water that's lost before it reaches the consumer.

The Gauteng Province is unfortunately finding itself in a perfect storm of major intermittent water supply due to continued power blackouts, high temperatures leading to above average water use as well as major

continued water losses through bursting pipes and major leaks due to dilapidated infrastructure.

There's an urgent need to put water higher on the country's agenda. Various water problems are escalating at a rapid rate.

**The decline**

The quality of water infrastructure in South Africa is deemed to be below average and deteriorating in comparison to comparable countries such as Nigeria and Zambia.

A number of factors have contributed to the current state of affairs.

Firstly, the poor quality of infrastructure. This is attributed to insufficient long-term planning, poor construction techniques and materials as well as the poor maintenance of existing infrastructure.

South Africa's infrastructure is mostly aged (more than two decades old), in a state of decay. In its 2017 infrastructure report card the South African Institution of Civil Engineering concluded that the country's infrastructure was at risk due to its low overall grade of D+.

Secondly, the management of consumption has been poor. South Africa is a water scarce country. Yet the average domestic water use is estimated at 237 litres per person per day, 64 litres higher than the international benchmark of 173 litres per person per day.

High consumption is partly attributed to high municipal non-revenue water. This stands at 41% This means that 41% of water is lost due to leakages owing to poor operation and maintenance of existing aged water infrastructure, commercial losses caused by meter manipulation or other forms of water theft and lastly, unbilled authorized consumption such as firefighting.

Global best practice is 15% .

Thirdly, a lack of institutional capacity at a local level has limited the capability of local governments to provide infrastructure. Low expenditure levels on infrastructure investment is evidence of these capacity deficits despite the national government continuously emphasising the need for more investment.

Fourthly, there has been massive under funding for decades. This has led to decay and in some instances a collapse of infrastructure. Government spending on infrastructure reached its peak in the 1960s to late 1970s. There was then a steady decline from 1977. In 2000, the country's per capita spending on infrastructure reached a 40-year low and warnings were issued about the condition of bulk water and sanitation infrastructure.

By 2002 the country's infrastructure stock was at similar levels to that of 1973.

Other factors contributing to the current crisis include poor management (at national and local level), delays in implementation, insufficient institutional capacity and competence and a lack of political will.

Fifth, a multi-layered and complex system of managing water resources. Numerous stakeholders at different levels of government play a role in the management of water resources.

The Department of Water and Sanitation is the custodian of the country's water. It is ultimately responsible for ensuring that water resources are protected, used, developed, conserved, managed and controlled effectively. The development and management of national water resource infrastructure also forms part of the department's functions.

Other managing agents include catchment management agencies (managing water resources at a regional or catchment scale), water user institutions (providing the institutional structure) as well as water service authorities which include local government and municipalities, water utilities and private firms responsible for governing domestic water supply services.

Johannesburg Water therefore sources water from Rand Water, which supplies potable water to the Gauteng Province and other areas. The City of Johannesburg and Johannesburg Water, for example, are responsible for dealing with growing demands and the management of the delivery and services.

**What's needed?**

The following steps should be considered to try and ensure continued suitable water supply within the Gauteng Province as well as other areas experiencing the same issues:

· A suitable budget needs to be made available immediately to address priority areas. Proper planning and informed actions, not just promises, is a major requirement. Johannesburg Water estimated in 2020 that R88 billion was required for the replacement of infrastructure with a total renewal backlog of R20.4 billion.

The entity has been allocated a R3.3 billion multi-year capital budget aimed at replacing water and sewer pipes, upgrading water storage infrastructure, a wastewater treatment works programme and lastly, repairing and maintaining outdated infrastructure. A further R2.3 billion has also been allocated to address burst pipes across the province.

This amount of money might be a suitable investment to address the dilapidated state of infrastructure. But it should have been assigned much sooner.

· Dilapidated infrastructure needs to be upgraded and properly maintained. The lack of maintenance has contributed to leaking pipes and faulty infrastructure which now needs to be fixed as a matter of urgency as it contributes to major physical water losses. This won't solve the problem overnight given that there have been decades of neglect. But a start needs to be made.

· Capacity constraints or lack of skills need to be identified and addressed.

· Private sector investment in water infrastructure needs to be incentivised together with the promotion of private-public partnerships.

· Implementation of water conservation and demand management.

· Political will to move away from simply providing infrastructure to maintenance, rehabilitation and upgrading of existing infrastructure.

..........................................................

# A Saga Of
# Sri Satguru Jagjit Singh Ji



**Dr. Sharada Jayagovind**

Patsha ji was fond of cars. He was a skilled driver who loved the challenge of difficult and tricky roads. He used to drive the vehicle very fast and raise a cloud of dust behind him on the mud tracks. When someone complained about this to Satguru Partap Singh ji, he advised Patsha ji not to drive beyond thirty kilometres per hour.

Music was his life force and passion. Patsha ji would sit for hours together singing, without a break. Music to him was like tapasya. He would forget hunger, thirst and sleep while singing. Patsha ji would sit cross-legged without moving, a true yogi who conquered the limitations of the body and existed at the level of the soul. When the aides suggested rest for some time, Satguru Jagjit Singh ji would say:

"Music does not tire me, it energizes me."

When the music sessions were on, Satguru ji's wife Mata Chand Kaur would sit for some time and listen to the music and later attend to seva at langar or construction. Even though Mata ji was not formally trained in music, her life and interests were so intertwined with Satguru Jagjit Singh ji's vision and happiness that there was perfect harmony between the two. There was no scope for any discordant note. When asked about her likes and dislikes she replied:

"Whatever Satguru ji likes I like, whatever he dislikes, I dislike."

Patsha ji promoted family values of care and concern. Whenever he found aged persons who needed attention, he would tell the members of their family:

"Send them to me and I will take care of them."

This led to the establishment of the old age home at Sri Bhaini Sahib which provides happiness and comfort to many. He visited the seniors frequently and spent time with them, listening and comforting them.

**VIII**

Patsha ji considered everyone his family. In the evenings, he would meet members of the sangat, friends and family for an exchange of the day's happenings. These sessions would go on till late in the night and his wife Mata Chand Kaur ji would gently urge all those gathered to go home as Satguru ji had to get up early in the morning.

Patsha ji shared an affectionate bond with his younger brother Maharaj Bir Singh whom

he called Ballo ji. During childhood, they spent a lot of time together in the usual play and pranks between brothers. While Ballo ji was a sensitive child, Beant ji was a cheerful one. They together learnt all activities such as horse riding, cycling and swimming. Music was a passion both the brothers shared till the end of their lives.

Maharaj Bir Singh ji was a voracious reader too. Before Patsha ji ascended the throne, he used to share his meal with his brother. His Holiness regretted that he would not be able to have this pleasure when he assumed the gaddi.

Patsha ji, the avatar purush, hid his divine attributes from common eyes, and played the role of father, husband and grandfather as human life demanded. When his only child, Sahib Kaur, was born in 1962, he happily welcomed the girl child.

He used to affectionately call her “Guddi” and bought dolls for her. Satguru Jagjit Singh ji said that his daughter heralded good days for the Namdhari community as all the civil cases which had been lodged against Satguru Partap Singh ji were proved false in the year she was born.

Patsha ji got his daughter married to Sant Jagtar Singh ji in 1979. Someone asked Patsha ji:

“Satguru ji, is there any special celebration for the wedding of your daughter Sahib Kaur ji.”

Patsha ji smiled and said:

“It is like any other Anand Karaz. Nothing special, that is the speciality.”

Many years later, when people came to congratulate Satguru Jagjit Singh ji on the birth of Jai Singh, his grandson, Patsha ji told them:

“I will accept the wishes of only those who congratulated me at the birth of my daughter.” Patsha ji conveyed the message that one should not discriminate between a boy and a girl child.
A Saga of Sri Satguru Jagjit Singh Ji 261

Patsha ji was very fond of small children. He played hide-andseek with his granddaughter Jai Kaur and grandson Jai Singh. They accompanied him during his travels to wildlife parks and other places.

Patsha ji relished the meals cooked by his wife Mata Chand Kaur ji and daughterin- law Gursharan Kaur ji. Bibi Gursharan ji recalls how Patsha ji said to her:

“Bibi, learn to cook the vegetable pulao, Thailand style.”

**IX**

After massive strokes in 2000 and 2006, Satguru Jagjit Singh ji began to reduce his activities and spoke very little. It looked as if he voluntarily entered a zone of spiritual silence. During the last few years of his life Patsha ji used a wheelchair to move around. The benevolent Guru spent most of his time in reading the Gurbani, listening to music and blessing the sangat with his presence. He became more contemplative and inward-looking. He was fully conscious at the intellectual level. His mind was alert, even though he rarely spoke.

**To be continued......**

# ਕਾਵਿ-ਕਿਆਰੀ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਆਪਣੀ ਕਿਰਪਾ ਦੇ ਨਾਲ,
ਸਾਨੂੰ ਆਪਣੇ ਲੜ ਨਾਲ ਲਾਇਆ ਤੁਸੀਂ।
ਇਸ ਹੈਵਾਨੀ ਤੇ ਤੁਫ਼ਾਨੀ ਦੁਨੀਆਂ ਤੋਂ,
ਹੱਥ ਦੇ ਕੇ ਸਾਨੂੰ ਬਚਾਇਆ ਤੁਸੀਂ।
ਆਪ ਉਪਦੇਸ਼ ਦੇ ਦੇ ਕੇ ਸਾਨੂੰ,
ਆਪਣੇ ਚਰਨਾਂ ਦੇ ਨਾਲ ਲਾਇਆ ਤੁਸੀਂ।
ਆਹ ਨਹੀਂ ਖਾਣਾ ਔਹ ਨਹੀਂ ਖਾਣਾ,
ਮਰਿਯਾਦਾ ਨੂੰ ਦ੍ਰਿੜ ਕਰਵਾਇਆ ਤੁਸੀਂ।
ਨਾਮ ਸਿਮਰਨ ਵੀ ਕਰਨੈ ਪਾਠ ਵੀ ਕਰਨੈ,
ਗੁਰਸਿੱਖੀ ਦਾ ਪਾਠ ਪੜ੍ਹਾਇਆ ਤੁਸੀਂ।
ਅੰਮ੍ਰਿਤ ਵੇਲੇ ਤੋਂ ਲੇਟ ਨਹੀਂ ਉਠਣਾ,
ਵਾਰ-ਵਾਰ ਪੱਕਾ ਕਰਵਾਇਆ ਤੁਸੀਂ।
ਆਪਣੇ ਹੱਥੀਂ ਆਪੇ ਕੰਮ ਕਰਕੇ,
ਉਦਾਹਰਣ ਸੇਵਾ ਦੀ ਬਣਕੇ ਦਿਖਾਇਆ ਤੁਸੀਂ।
ਓਹ! ਮੇਰੇ ਸ਼ਹਿਨਸ਼ਾਹ ਪਾਤਿਸ਼ਾਹ,
ਸੰਗੀਤ ਦੀ ਖੁਸ਼ਬੂ ਨੂੰ ਫੈਲਾਇਆ ਤੁਸੀਂ।
ਹਰ ਦੀਨ ਦੁਖੀ ਦੀ ਮਦਦ ਲਈ,
ਗਰੀਬ ਨਿਵਾਜ਼ ਬਣ ਹੱਥ ਵਧਾਇਆ ਤੁਸੀਂ।
ਜਪ ਪ੍ਰਯੋਗ ਦੁਆਰਾ ਦੁਨੀਆਂ ਭਰ ਵਿੱਚ,
ਨਾਮ ਸਿਮਰਨ ਦਾ ਜਾਪੁ ਜਪਾਇਆ ਤੁਸੀਂ।
ਆਪਣੀ ਬਖਸ਼ਿਸ਼ ਕਿਰਪਾ ਦੇ ਨਾਲ,
ਹਾਕੀ ਟੀਮ ਨੂੰ ਬੁਲੰਦੀਆਂ ਤੇ ਪਹੁੰਚਾਇਆ ਤੁਸੀਂ।
ਆਪਣੇ ਹਰ ਸਿੱਖ ਸੇਵਕ ਨੂੰ,
ਨਾਮ ਦਾ ਰਸ ਚਖਾਇਆ ਤੁਸੀਂ।
ਗਊਆਂ, ਮੋਰਾਂ ਨੂੰ ਵੀ ਖੁਸ਼ ਕਰਕੇ,
ਸੁੱਕੇ ਲੰਡਨ 'ਚ ਮੀਂਹ ਵਰ੍ਹਾਇਆ ਤੁਸੀਂ।
ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਲਈ,
ਲੱਖਾਂ ਪਾਠਾਂ ਦਾ ਭੋਗ ਪਵਾਇਆ ਤੁਸੀਂ।
ਅਸੀਂ ਧੰਨ ਹੋ ਗਏ ਸੱਚੇ ਪਾਤਿਸ਼ਾਹ ਜੀ,
ਸਤਿਗੁਰੂ ਉਦੇ ਸਿੰਘ ਜੀ ਦੇ ਲੜ ਲਾਇਆ ਤੁਸੀਂ।
ਸਤਿਗੁਰੂ ਉਦੇ ਸਿੰਘ ਜੀ ਦੇ ਲੜ ਲਾਇਆ ਤੁਸੀਂ।

**ਸਿਮਰਨ ਕੌਰ**
99151-57242

# ਖ਼ਬਰਨਾਮਾ

## ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਪ੍ਰਕਾਸ਼ ਪੂਰਬ ਦਾ ਮੇਲਾ

**4 ਨਵੰਬਰ 2022–** ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਪ੍ਰਕਾਸ਼ ਪਿਤਾ ਸਤਿਗੁਰੂ ਪ੍ਰਤਾਪ ਸਿੰਘ ਮਾਤਾ ਭੁਪਿੰਦਰ ਕੌਰ ਦੀ ਕੁੱਖੋਂ ਕੱਤਕ ਸੁਦੀ ਤਿੰਨ, ਅੱਠ ਮੱਘਰ 1977 ਬ੍ਰਿਕਰਮੀ ਨੂੰ ਹੋਇਆ। ਪਿਤਾ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਜੋਤੀ ਜੋਤਿ ਸਮਾਉਣ ਤੋਂ ਬਾਅਦ ਆਪ ਗੁਰੂ ਨਾਨਕ ਦੇਵ ਜੀ ਦੇ ਤੱਖਤ ਦੇ ਅਗਲੇ ਵਾਰਸ ਬਣੇ। ਆਪ ਨੇ ਨਾਮਧਾਰੀ ਸਿਖਾਂ ਦਾ ਸਰਬਪੱਖੀ ਵਿਕਾਸ ਕਰਨ ਲਈ ਬਹੁਤ ਵੱਡੇ ਕਾਰਜ ਕੀਤੇ। ਗੁਰੂ ਨਾਨਕ ਪਾਤਸ਼ਾਹ ਦੀ ਸਿੱਖੀ ਦਾ ਪ੍ਰਚਾਰ ਦੁਨੀਆਂ ਦੇ ਲਗਭਗ ਹਰ ਕੋਨੇ ਵਿੱਚ ਕੀਤਾ। ਗੁਰਮੱਤ ਅਨੁਸਾਰ ਰਹਿਣ ਸਹਿਣ, ਨਾਮ ਸਿਮਰਨ, ਗੁਰਬਾਣੀ ਪਾਠ ਅਤੇ ਗੁਰਬਾਣੀ ਸੰਗੀਤ ਨੂੰ ਆਪ ਨੇ ਨਵੀਆਂ ਸਿਖਰਾਂ ਤੱਕ ਪਹੁੰਚਾਇਆ। ਸਿਖੀ ਪ੍ਰੰਪਰਾ ਨੂੰ ਹਰ ਪੱਖ ਤੋਂ ਪ੍ਰਫੁਲਿਤ ਕਰਨਾ ਆਪ ਦਾ ਸੁਫਨਾ ਸੀ। ਸਿਖੀ ਪਹਿਰਾਵੇ ਵਿੱਚ ਇੰਨਟਰਨੈਸ਼ਨਲ ਮੈਦਾਨਾਂ ਵਿੱਚ ਆਪ ਦੇ ਤਿਆਰ ਕੀਤੇ ਮੁੰਡਿਆਂ ਨੇ ਜੋਹਰ ਦਿਖਾਏ। ਕਛਹਿਰੇ ਅਤੇ ਪੱਗਾਂ ਵਾਲੇ ਮੁੰਡਿਆਂ ਨੂੰ ਖੇਡਦੇ ਵੇਖਣ ਲਈ ਲੋਕ ਕੰਮ ਕਾਰ ਛੱਡ ਮੈਦਾਨ ਵੱਲ ਦੌੜਦੇ। ਆਪ ਦਾ ਸਾਰਾ ਜੀਵਨ ਇਕ ਵੱਡੀ ਸਾਧਨਾ ਸੀ। ਹਜ਼ਾਰਾਂ ਪਾਠ, ਵਰਨੀਆਂ, ਨਾਮ-ਸਿਮਰਨ ਦੇ ਅਣਗਿਣਤ ਘੰਟੇ ਅਤੇ ਸਮਾਜ ਸੇਵਾ ਦੀਆਂ ਅਮਿਟ ਪੈੜਾਂ ਆਪ ਨੇ ਪਾਈਆਂ। 4 ਨਵੰਬਰ ਨੂੰ ਆਪ ਦੇ ਪ੍ਰਕਾਸ਼ ਪੁਰਬ ਵਾਲੇ ਦਿਨ ਸਵੇਰੇ ਆਸਾ ਦੀ ਵਾਰ ਵਿੱਚ ਰਾਗੀ ਬਲਵੰਤ ਸਿੰਘ, ਹਰਵਿੰਦਰ ਸਿੰਘ, ਅਜੈਪਾਲ ਸਿੰਘ ਅਤੇ ਸਾਥੀਆਂ ਨੇ ਗੀਤ ਪੜ੍ਹਿਆ- 'ਆਉ ਸਾਰੇ ਰਲ ਮਿਲ ਕਹੀਏ ਧੰਨ ਗੁਰੂ ਜਗਜੀਤ'।

**ਦੁਪਹਿਰ ਦੇ ਦੀਵਾਨ–** ਦੁਪਹਿਰ 12:30 ਵਜੇ ਜਥੇ. ਹਰਪਾਲ ਸਿੰਘ ਸ੍ਰੀ ਭੈਣੀ ਸਾਹਿਬ ਨੇ 'ਧੰਨ ਸੁ ਵੇਲਾ ਜਿਤ ਦਰਸਨ ਕਰਨਾ; ਧਾਰਨਾ ਲੈ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਕੀਤੇ ਪਰ-ਉਪਕਾਰਾਂ ਬਾਰੇ ਸੰਗਤ ਨੂੰ ਦਸਿਆਂ ਜਥੇ. ਨੀ ਨੇ ਨਾਮਧਾਰੀਆਂ ਦੇ ਜੀਵਨ ਨੂੰ ਕਿਸ ਤਰ੍ਹਾਂ ਸਤਿਗੁਰੂ ਜਗਜੀਤ ਸਿੰਘ ਜੀ ਨੇ ਸੁਖਾਲਾ ਤੇ ਉੱਚਾ ਕੀਤਾ ਇਸ ਬਾਰੇ ਬੜੇ ਵਿਸਥਾਰ ਨਾਲ ਗੁਰਬਾਣੀ ਦੇ ਪ੍ਰਮਾਣ ਦੇ ਕੇ ਸਮਝਾਇਆ। ਉਪਰੰਤ ਗੁਰਲਾਲ ਸਿੰਘ ਸ੍ਰੀ ਭੈਣੀ ਸਾਹਿਬ ਨੇ ਆਪਣੇ ਲੈਕਚਰ ਵਿੱਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ ਹੋਏ  ਸਰਬਪੱਖੀ ਵਿਕਾਸ ਨੂੰ ਵਿਸਥਾਰ ਨਾਲ ਸੁਣਨਾਇਆ। ਸੂਬਾ ਹਰਭਜਨ ਸਿੰਘ ਜੀ ਲੁਧਿਆਣੇ ਵਾਲਿਆਂ ਨੇ ਵੀ ਆਪਣੇ ਨਾਲ ਬੀਤੇ ਸਤਿਗੁਰੂ ਜੀ ਦੇ ਕੌਤਕਾਂ ਦੀਆਂ ਸਾਖੀਆਂ ਸੰਗਤ ਨੂੰ ਸੁਣਾਈਆਂ। ਉਪਰੰਤ ਨਿਤਨੇਮ ਦੀ ਅਰਦਾਸ ਹੋਈ।

ਧੰਨੁ ਧੰਨੁ ਧੰਨੁ ਜਨੁ ਆਇਆ ਜਿਸੁ ਪ੍ਰਸਾਦਿ ਸਭੁ ਜਗਤੁ ਤਰਾਇਆ॥

ਸਾਰਾ ਦਿਨ ਲੰਗਰ ਵਿੱਚ ਕੜਾਹ ਪ੍ਰਸ਼ਾਦ ਵਰਤਦਾ ਰਿਹਾ।

**ਗੁਰਦੇਵ ਸਿੰਘ ਚੀਮਾ**

## ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦਾ ਮੇਲਾ

**8 ਨਵੰਬਰ 2022–** ਭਾਈ ਗੁਰਦਾਸ ਜੀ ਦੇ ਕਥਨ ਦੇ ਅਨੁਸਾਰ "ਸਤਿਗੁਰੂ ਨਾਨਕ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ' ਗੁਰੂ ਨਾਨਕ ਦੇਵ ਜੀ ਦੇ ਅਵਤਾਰ ਨੇ ਇਸ ਧਰਤੀ ਦੇ ਲੋਕਾਂ ਨੂੰ ਨਵਾਂ ਮਾਰਗ ਦਿੱਤਾ। ਇਹ ਨਵਾਂ ਮਾਰਗ ਬਹੀਆਂ ਹੋ ਚੁਕੀਆਂ ਅਤੇ ਸਮਾਂ ਵਿਹਾ ਗਈਆਂ ਪ੍ਰੰਪਰਾਂ ਨੂੰ ਰੱਦ ਕਰ ਨਵੇਂ ਮਾਰਗ ਦਰਸਾਉਂਦਾ ਸੀ। ਆਪ ਨੇ ਜੀਵਨ ਵਿੱਚ ਵੱਖ-ਵੱਖ ਦਿਸ਼ਾਵਾਂ ਵਿੱਚ ਉਦਾਸੀਆਂ ਕਰਕੇ ਲੋਕਾਂ ਨੂੰ ਵਹਿਮਾਂ ਭਰਮਾਂ ਤੋਂ ਮੁਕਤ ਕੀਤਾ ਅਤੇ ਸਚੇ ਨਾਮ ਨਾਲ ਜੋੜਿਆ। ਨਾਮ ਜਪੋ, ਕਿਰਤ ਕਰੋ, ਵੰਡ ਛਕੋ ਦਾ ਉਪਦੇਸ਼ ਜਗਤ ਵਿੱਚ ਦ੍ਰਿੜ ਕਰਵਾਇਆ। ਰਾਗ ਆਪ ਦੀ ਖੁਰਾਕ ਸੀ, ਪਿਆਰ ਆਪ ਦਾ ਲਿਬਾਸ ਅਤੇ ਹਰਜੀਵ ਸੁਖੀ ਰਹੇ ਇਹ ਆਪ ਦੀ ਅਰਦਾਸ ਹੋਈ। ਆਪ ਦਾ ਪ੍ਰਕਾਸ਼ ਪਿਤਾ ਕਾਲੂ ਮਾਤਾ ਤ੍ਰਿਪਤਾ ਦੇ ਘਰ ਕੱਤਕ ਦੀ ਪੂਰਨਮਾਸੀ ਵਾਲੇ ਦਿਨ ਹੋਇਆ। ਰਾਏ ਬੁਲਾਰ ਦੀ ਤਲਵੰਡੀ ਨੂੰ ਭਾਗ ਲਗੇ, ਹੁਣ ਇਸ ਅਸਥਾਨ ਦਾ ਨਾਮ ਨਨਕਾਣਾ ਸਾਹਿਬ ਹੈ। ਸ੍ਰੀ ਭੈਣੀ ਸਾਹਿਬ ਸਵੇਰੇ ਆਸਾ ਦੀ ਵਾਰ ਵਿੱਚ ਰਾਗੀ ਸਿੰਘਾਂ ਨੇ ਪ੍ਰਕਾਸ਼ ਦੀ ਖੁਸ਼ੀ ਵਿੱਚ ਸ਼ਬਦ ਪੜ੍ਹੇ। ਆਸਾ ਦੀ ਵਾਰ ਦੀ ਸਮਾਪਤੀ ਤੋਂ ਬਾਅਦ ਗੁਰਲਾਲ ਸਿੰਘ ਨੇ ਆਪਣੇ ਲੈਕਚਰ ਵਿੱਚ ਗੁਰੂ ਨਾਨਕ ਦੇਵ ਜੀ ਦੇ ਸਰਬਕਾਲੀ ਅਤੇ ਅਸੀਮ ਉਪਦੇਸ਼ਾਂ ਨੂੰ ਵਿਸਥਾਰ ਨਾਮ ਦਸਿਆ। ਗੁਰਲਾਲ ਸਿੰਘ ਨੇ ਸਤਿਗੁਰੂ ਨਾਨਕ ਦੇਵ ਜੀ ਦੀ ਬਾਣੀ ਨੂੰ ਅਧਾਰ ਬਣਾ ਉਨ੍ਹਾਂ ਦੇ ਉਪਦੇਸ਼ਾਂ ਦੀ ਵਿਆਖਿਆ ਕੀਤੀ।

ਸਿੰਘ ਦੇ ਕਵੀਸ਼ਰੀ ਜਥੇ ਨੇ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਾ ਪ੍ਰਸੰਗ ਛੰਦਾ ਬੰਦੀ ਵਿਚ ਸੰਗਤਾਂ ਨੂੰ ਸੁਣਾਇਆ ਉਪਰੰਤ ਜਥੇ. ਹਰਪਾਲ ਸਿੰਘ ਨੇ ਗੁਰੂ ਨਾਨਕ ਦੇਵ ਜੀ ਦੀਆਂ ਸਿਖਿਆਵਾਂ ਦੀ ਵਿਸਥਾਰ ਨਾਲ ਵਿਆਖਿਆ ਕੀਤੀ। ਨਾਮ ਸਿਮਰਨ ਤੋਂ ਬਾਅਦ ਕੀਰਤਨ ਰਾਗੀ ਹਰਬੰਸ ਸਿੰਘ ਘੁੱਲਾ ਜੀ ਨੇ ਕੀਤਾ। **ਗੁਰਦੇਵ ਸਿੰਘ ਚੀਮਾ**

## ਦਿੱਲੀ ਵਿਖੇ ਮੇਲਾ

ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ **29 ਅਕਤੂਬਰ 2022** ਨੂੰ ਦੁਪਹਿਰ ਦੇ ਸਮੇ ਦਿੱਲੀ ਏਅਰਪੋਰਟ ਦਰਸ਼ਨ ਦਿੱਤੇ। ਸੂਬਾ ਅਰਵਿੰਦ ਸਿੰਘ ਜੀ ਦੇ ਘਰ ਚਰਨ ਪਾਉਣ ਦੀ ਕਿਰਪਾ ਕੀਤੀ। ਪਿਛਲੀਂ ਦਿਨੀਂ ਸੂਬਾ ਜੀ ਦੇ ਵੱਡੇ ਭਰਾ ਸ.ਰਜਿੰਦਰ ਸਿੰਘ ਰਾਜਾ ਸਰੀਰ ਤਿਆਗ ਗਏ ਸਨ। ਏਥੇ ਹੀ ਪ੍ਰਸ਼ਾਦਾ ਛਕਣ ਉਪਰੰਤ ਨਾਮਧਾਰੀ ਧਰਮਸ਼ਾਲਾ ਰਮੇਸ਼ ਨਗਰ ਵਿਖੇ ਤਕਰੀਬਨ 3:45 ਮਿੰਟ ਤੇ ਦਰਸ਼ਨ ਦਿੱਤੇ। ਜਿਥੇ ਸ. ਰਜਿੰਦਰ ਸਿੰਘ ਰਾਜਾ ਦੀ ਯਾਦ ਚ ਪਾਠ ਦਾ ਭੋਗ ਪਾਇਆ ਜਾਣਾ ਸੀ।ਦੁਪਹਿਰੇ 3 ਵਜੇ ਤੋਂ ਜਥੇਦਾਰ ਨਿਸ਼ਾਨ ਸਿੰਘ ਦਿੱਲੀ ਨੇ ਦੀਵਾਨ ਸਜਾਇਆ ਹੋਇਆ ਸੀ। ਦੀਵਾਨ ਤੋਂ ਬਾਅਦ ਰਾਗੀ ਅਵਤਾਰ ਸਿੰਘ ਇੰਗਲੈਂਡ ਨੇ ਤਾਊਸ ਵਾਦਨ ਕੀਤਾ। ਉਹਨਾਂ ਨਾਲ ਤਾਰ ਸ਼ਹਿਨਾਈ ਤੇ ਅਤਰ ਸਿੰਘ (ਸਪੁੱਤਰ ਸੂਬਾ ਅਰਵਿੰਦ ਸਿੰਘ) ਅਤੇ ਤਬਲੇ ਤੇ ਬਸੰਤ ਸਿੰਘ (ਪੋਤਰਾ ਸੰਤ ਜਸਵੰਤ ਸਿੰਘ ਦਰਜੀ) ਨੇ ਸਾਥ ਦਿੱਤਾ।

ਸ੍ਰੀ ਭੈਣੀ ਸਾਹਿਬ ਤੋਂ ਉਚੇਚੇ ਆਏ ਸੰਤ ਨਿਸ਼ਾਨ ਸਿੰਘ ਜੀ ਨੇ ਅੱਧੇ ਘੰਟੇ ਲਈ ਕਥਾ ਕੀਤੀ। ਉਹਨਾਂ ਦਸਿਆ ਕਿ ਬੇਸ਼ਕ ਮੈਂ ਰਾਜਾ ਜੀ ਨੂੰ ਨੇੜੇ ਹੋ ਕੇ ਨਹੀਂ ਮਿਲ ਸਕਿਆ। ਪਰ ਉਹਨਾਂ ਨੇ ਪਰਿਵਾਰ ਤੇ ਸੱਜਣਾ ਮਿੱਤਰਾਂ ਪਾਸੋਂ ਪ੍ਰਾਪਤ ਜਾਣਕਾਰੀ ਅਨੁਸਾਰ ਉਹ ਸਤਿਗੁਰੂ ਜਗਜੀਤ ਸਿੰਘ ਜੀ ਦੇ ਬੜੇ ਹੀ ਪਿਆਰੇ ਸਿੱਖ ਸਨ। ਜਿੰਨ੍ਹਾਂ ਨੇ ਸਤਿਗੁਰੂ ਜੀ ਦੀ ਰਸਨਾ ਤੋਂ ਨਿਕਲੇ ਹੋਏ ਹਰ ਇਕ ਬਚਨ ਨੂੰ ਮੰਨਣ ਦਾ ਯਤਨ ਕੀਤਾ। ਫਿਰ ਭਾਵੇਂ ਉਹ ਬਚਨ ਸਹਿਜ ਸੁਭਾਅ ਸੰਗਤ ਵਿਚ ਹੀ ਕਿਉਂ ਨਾ ਹੋਇਆ ਹੋਵੇ। ਸਤਿਗੁਰੂ ਜੀ ਨੇ ਕਿਰਪਾ ਕੀਤੀ ਉਹਨਾਂ ਨੂੰ ਆਪਣੇ ਨੇੜੇ ਕਰਕੇ ਕਈ ਰਾਜਨੀਤਿਕ ਤੇ ਸਮਾਜਿਕ ਕੰਮ ਉਹਨਾਂ ਦੀ ਰਾਹੀਂ ਕਰਵਾਏ।ਰਾਜਾ ਜੀ ਦੇ ਪਿਤਾ ਸੰਤ ਮੱਖਣ ਸਿੰਘ ਭੁਰਜੀ ਤੇ ਚਾਚਾ ਸੰਤ ਅਵਤਾਰ ਸਿੰਘ "ਐਕਉ ਪ੍ਰੈਸ਼ਰ" ਨੇ 1989 ਦਾ ਹੋਲਾ ਮਹੱਲਾ ਵੀ ਕਰਵਾਇਆ ਸੀ"।

ਕਥਾ ਤੋਂ ਬਾਅਦ ਰਾਗੀ ਬਲਵੰਤ ਸਿੰਘ ਜੀ ਨੇ ਅੱਧੇ ਘੰਟੇ ਲਈ ਗੁਰਬਾਣੀ ਕੀਰਤਨ ਕੀਤਾ। ਮਹੰਤ ਪ੍ਰੀਤਮ ਸਿੰਘ ਜੀ ਦੁਆਰਾਂ ਨੌਵੇਂ ਮਹੱਲੇ ਦੇ ਸਲੋਕ ਪੜ੍ਹੇ ਗਏ।ਅੰਤਿਮ ਅਰਦਾਸ ਸੂਬਾ ਬਲਵਿੰਦਰ ਸਿੰਘ "ਝੱਲ" ਨੇ ਕੀਤੀ। ਸੰਤ ਹਰਪਾਲ ਸਿੰਘ ਨੇ ਦਸਿਆ ਕਿ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਹੁਕਮ ਅਨੁਸਾਰ ਕੱਲ 30 ਅਕਤੂਬਰ ਨੂੰ ਸਤਿਗੁਰੂ ਜਗਜੀਤ ਸਿੰਘ ਜੀ ਦਾ ਪ੍ਰਕਾਸ਼ ਪੁਰਬ ਮਨਾਇਆ ਜਾਵੇਗਾ।

**30 ਅਕਤੂਬਰਬ 2022** ਨੂੰ ਸਵੇਰੇ 4:15 ਵੱਜੇ ਹਜ਼ੂਰੀ ਰਾਗੀ ਬਲਵੰਤ ਸਿੰਘ ਜੀ ਨੇ "ਬੇਅੰਤਾ ਬੇਅੰਤ ਗੁਣ ਤੇਰੇ" ਸ਼ਬਦ ਨਾਲ ਆਸਾ ਦੀ ਵਾਰ ਸ਼ੁਰੂ ਕੀਤੀ। ਉਹਨਾਂ ਨਾਲ ਜਥਾ ਭਰਪੂਰ ਸੀ। ਗਾਇਨ ਸਾਥੀ ਰਾਗੀ ਸਾਜਨ ਸਿੰਘ, ਬਸੰਤ ਸਿੰਘ,ਗੁਰਨਾਮ ਸਿੰਘ ਦਿੱਲੀ ਸਨ।ਤਬਲੇ ਤੇ ਬਸੰਤ ਸਿੰਘ ਤੇ ਗੰਗਾ ਸਿੰਘ ਦਿੱਲੀ ਸਾਥ ਦੇ ਰਹੇ ਸਨ। ਤਾਰ ਸ਼ਹਿਨਾਈ ਵਾਦਨ ਨਰੋਤਮ ਸਿੰਘ ਤੇ ਅਤਰ ਸਿੰਘ ਦਿੱਲੀ ਨੇ ਕੀਤਾ। "ਰਾਮ ਹਰੀ ਪ੍ਰਤਾਪ ਦੀ ਮੂਰਤ ਸ੍ਰੀ ਸਤਿਗੁਰ ਜਗਜੀਤ" ਗੀਤ ਨਾਲ ਵਾਰ ਦੀ ਸਮਾਪਤੀ 6:45 ਤੇ ਕੀਤੀ। ਇਕ ਲੜਕੇ ਲੜਕੀ ਦਾ ਆਨੰਦ ਕਾਰਜ ਕੀਤਾ ਗਿਆ। ਸ੍ਰੀ ਸਤਿਗੁਰੂ ਜੀ ਨੇ ਕੁਝ ਘਰਾਂ 'ਚ ਚਰਨ ਪਾਉਣ ਤੋਂ ਬਾਅਦ ਸਵਰਗੀ ਸੂਬਾ ਸੁਖਦੇਵ ਸਿੰਘ ਜੀ ਦੇ ਘਰ ਬਾਲੀ ਨਗਰ ਦਰਸ਼ਨ ਦਿਤੇ। ਦੁਪਹਿਰੇ 10 ਵੱਜੇ ਦੀਵਾਨ ਦੀ ਅਰੰਭਤਾ ਜਥੇਦਾਰ ਨਿਸ਼ਾਨ ਸਿੰਘ ਦਿੱਲੀ ਨੇ ਕੀਤੀ। ਉਹਨਾਂ ਦਸਿਆ ਕਿ ਸਤਿਗੁਰੂ ਜਗਜੀਤ ਸਿੰਘ ਜੀ ਨੇ ਜਿਸ ਪਾਸੇ ਵੀ ਆਪਣੀ ਨਜ਼ਰ ਕੀਤੀ ਉਥੇ ਹੀ "ਨਾਨਕ ਨਦਰੀ ਨਦਰਿ ਨਿਹਾਲ" ਕੀਤਾ। ਰੋਗੀਆਂ ਦੇ ਰੋਗ ਦੂਰ ਕੀਤੇ, ਗਰੀਬਾਂ ਨੂੰ ਧਨਵਾਨ ਬਣਾਇਆ, ਬੰਜਰ ਜ਼ਮੀਨਾਂ ਵਿਚ ਬਾਗ ਲਗਾਏ। ਮਹੰਤ ਪ੍ਰੀਤਮ ਸਿੰਘ ਜੀ ਨੇ "ਜਗਜੀਤ ਗੁਰੂ ਦੇ ਦਰ ਉੱਤੇ ਵੇਖਿਆ ਅਜ਼ਬ ਨਜ਼ਾਰਾ ਏ "ਕਵਿਤਾ ਪੜਕੇ ਹਾਜ਼ਰੀ ਲਵਾਈ। ਸ਼ਹੀਦ ਬਿਸ਼ਨ ਸਿੰਘ ਸਕੂਲ ਦੇ ਬੱਚਿਆਂ ਨੇ 20 ਕੁ ਮਿੰਟ ਦਾ ਪ੍ਰੋਗਰਾਮ ਪ੍ਰਸਤੁਤ ਕੀਤਾ। ਕਵੀਸ਼ਰ ਗੁਰਲਾਲ ਸਿੰਘ ਨੇ ਆਪਣੇ ਲੈਕਚਰ ਵਿਚ ਦਸਿਆ ਕਿ ਕਿਸ ਤਰ੍ਹਾਂ ਸਤਿਗੁਰੂ ਜਗਜੀਤ ਸਿੰਘ ਜੀ ਨੇ ਨਾਮਧਾਰੀਆਂ ਦੇ ਜੀਵਨ ਪਰਵਰਤਿਤ ਕੀਤੇ।

ਉਹਨਾਂ ਤੋਂ ਬਾਅਦ ਨਾਮਧਾਰੀ ਪੰਥ ਦੇ ਮਹਾਨ ਵਿਦਵਾਨ ਸੰਤ ਨਿਸ਼ਾਨ ਸਿੰਘ ਜੀ ਸ੍ਰੀ ਭੈਣੀ ਸਾਹਿਬ ਨੇ ਅੱਧਾ ਘੰਟਾ ਵਖਿਆਨ ਕੀਤਾ। ਉਹਨਾਂ ਨੇ ਦਸਿਆ ਜਦੋ ਸਤਿਗੁਰੂ ਜੀ ਦਾ ਪ੍ਰਕਾਸ਼ ਹੋਇਆ ਉਦੋਂ ਨਾਮਧਾਰੀ ਪੰਥ ਦਾ ਕੇਂਦਰ ਸ੍ਰੀ ਭੈਣੀ ਸਾਹਿਬ ਇਕ ਜੇਲ੍ਹ ਵਾਂਗੂ ਸੀ। ਅੰਗਰੇਜ਼ ਸਰਕਾਰ ਦੁਆਰਾਂ ਪੁਲਿਸ ਚੌਂਕੀ ਬਿਠਾਈ ਹੋਈ ਸੀ। ਪੱਤਾ-ਪੱਤਾ ਨਾਮਧਾਰੀਆਂ ਦਾ ਵਿਰੋਧੀ ਸੀ। 4 ਸਾਲ ਦੀ ਉਮਰ 'ਚ ਮਾਤਾ ਭੁਪਿੰਦਰ ਕੌਰ ਜੀ ਦਾ ਵਿਛੋੜਾ ਪੈ ਗਿਆ। ਫਿਰ ਸਾਰਾ ਬਚਪਨ ਗੁਰੂ ਘਰ ਦੇ ਸੇਵਕਾਂ ਦੀ ਨਿਗਰਾਨੀ ਹੇਠ ਬੀਤਿਆ।

ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪ ਉਚੇਚਾ ਧਿਆਨ ਦੇਕੇ ਨਾਮਧਾਰੀ ਵਿਦਿਆਲਾ ਸ਼ੁਰੂ ਕੀਤਾ ਜਿਥੇ ਸੰਗੀਤ ਤੇ ਅਧਿਆਤਮ ਦੇ ਨਾਲ-ਨਾਲ ਹਰ ਪ੍ਰਕਾਰ ਦੀ ਦੁਨਿਆਵੀ ਵਿਦਿਆ ਵੀ ਪੜ੍ਹਾਈ ਕਰਵਾਈ ਜਾਂਦੀ ਸੀ।ਲੰਗਰ ਬਣਾਉਣ ਤੋਂ ਲੈ ਕੇ ਸੂਤ ਕੱਤਣ, ਕਪੜੇ ਸਿਲਾਈ ਕਰਨ ਦੀ ਵਿਦਿਆ ਵੀ ਦਿਤੀ ਗਈ। ਖੇਡਾਂ ਵਿਚ ਘੋੜ ਸਵਾਰੀ, ਤੈਰਾਕੀ, ਅਖਾੜੇ 'ਚ ਘੁਲਣਾ, ਖਿਦੋ-ਖੂੰਡੀ ਇਤਿਆਦਿ ਸਿਖਿਆਵਾਂ ਵਿਚ ਨਿਪੁੰਨ ਕੀਤਾ ਗਿਆ। ਆਪਣੇ ਜੀਵਨ ਦੇ 39 ਸਾਲ ਇਕ ਪੂਰਨ ਗੁਰਸਿੱਖ ਦੇ ਰੂਪ ਵਿਚ ਬਿਤਾਏ। ਆਖਿਰ ਵਿਚ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਸਦ ਉਪਦੇਸ਼ ਬਖਸ਼ਿਆ। **ਜਥੇ. ਨਿਸ਼ਾਨ ਸਿੰਘ ਦਿੱਲੀ**

## ਸ੍ਰੀ ਸਤਿਗੁਰੂ ਜੀ ਦਾ ਹਿਮਾਚਲ ਦੌਰਾ

ਸ੍ਰੀ ਭੈਣੀ ਸਾਹਿਬ ਦੀ ਤਪੋ ਭੂਮੀ ਤੇ ਸਲਾਨਾ ਨਾਮ ਸਿਮਰਨ ਜਪ-ਪ੍ਰਯੋਗ ਦੀ ਸਮਾਪਤੀ ਦੇ ਤੁਰੰਤ ਬਾਅਦ ਮਿਤੀ **18 ਅਕਤੂਬਰ 2022 ਦਿਨ ਮੰਗਲਵਾਰ** ਨੂੰ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਹਿਮਾਚਲ ਪ੍ਰਦੇਸ ਦੇ ਆਪਣੇ ਦੌਰੇ ਦੀ ਸ਼ੁਰੂਆਤ ਕਰਦੇ ਹੋਏ ਸਵੇਰੇ 5 ਵਜੇ ਸ੍ਰੀ ਭੈਣੀ ਸਾਹਿਬ ਤੋਂ ਚੱਲ ਕੇ ਚੰਡੀਗੜ੍ਹ ਹਵਾਈ ਅੱਡੇ ਤੋਂ ਭੂੰਤਰ ਦੀ ਫਲਾਈਟ ਰਾਹੀ ਸਵੇਰੇ 8:30 ਤੋਂ ਸ੍ਰੀ ਸਤਿਗੁਰੂ ਜੀ ਸਮੇਤ ਮਾਤਾ ਗੁਰਸ਼ਰਨ ਕੌਰ ਜੀ, ਬੰਕੌਕ ਤੋਂ ਬੀਬੀ ਕਵਲਜੀਤ ਕੌਰ ਤੇ ਸ. ਕੁਲਦੀਪ ਸਿੰਘ ਉੱਭੀ ਅਤੇ ਸਿੱਖ ਸੇਵਕਾਂ ਸਹਿਤ ਭੂੰਤਰ ਹਵਾਈ ਅੱਡੇ ਤੇ ਆਣ ਉੱਤਰੇ। ਭੂੰਤਰ ਸ਼ਹਿਰ ਤੋਂ ਲੋਕਲ ਸੰਗਤ ਸ. ਜਗਦੀਸ ਸਿੰਘ ਸਮੇਤ ਸ੍ਰੀ ਸਤਿਗੁਰੂ ਜੀ ਦੇ ਸੁਆਗਤ ਲਈ ਹਾਜ਼ਰ ਸੀ। ਸ੍ਰੀ ਸਤਿਗੁਰੂ ਜੀ ਦੀਆਂ ਗੱਡੀਆਂ ਦਾ ਕਾਫਲਾਂ ਅਤੇ ਸਕਿਉਰਟੀ ਸਟਾਫ਼ ਇੱਕ ਦਿਨ ਪਹਿਲਾਂ ਹੀ ਭੂੰਤਰ ਪਹੁੰਚ ਚੁੱਕੇ ਸਨ। ਇਸ ਵਾਰ ਥਾਈਲੈਂਡ ਤੋਂ ਬੀਬੀਆਂ ਅਤੇ ਕੁਝ ਬੀਬੀਆਂ ਇੰਗਲੈਂਡ ਤੋਂ ਵੀ ਇਸ ਦੌਰੇ ਵਿੱਚ ਸ਼ਾਮਲ ਸਨ। ਭੂੰਤਰ ਹਵਾਈ ਅੱਡੇ ਤੋਂ ਸ੍ਰੀ ਸਤਿਗੁਰੂ ਅਤੇ ਬਾਕੀ ਸੰਗਤ ਵੀ ਗੱਡੀਆਂ ਵਿੱਚ ਸਵਾਰ ਹੋ ਕੇ ਨਾਮਧਾਰੀ ਸੀਡਜ਼ ਦੇ ਖੇਤੀਬਾੜੀ ਫਾਰਮ ਦੇ ਦੌਰੇ ਤੇ ਨਿਕਲੇ ਇਸ ਸਮੇਂ ਨਾਮਧਾਰੀ ਸੀਡਜ਼ ਦੇ ਡਾ. ਪਾਠਕ ਜੀ ਅਤੇ ਅਤੇ ਗੁਰਚਰਨ ਸਿੰਘ ਗੋਲੀ ਅਗਵਾਈ ਕਰ ਰਹੇ ਸਨ। ਭੂੰਤਰ ਤੋਂ ਚੱਲ ਕੇ ਪਹੁੰਚੇ ਜਿੱਥੇ ਸੇਬਾਂ ਦੇ ਬਾਗ਼ ਅਤੇ ਡੇਬੀ ਫਾਰਮ ਤੇ ਚੈਰੀ ਦੀ ਖੇਤੀ ਦਾ ਨਰੀਖਣ ਸ੍ਰੀ ਸਤਿਗੁਰੂ ਜੀ ਨੇ ਕੀਤਾ। ਨੇੜੇ ਹੀ ਇਲਾਕਾ ਬਰਨੋਟ ਜਿਥੇ ਬਲਿਊਬੇਰੀ ਦੀ ਫਸਲ ਸੀ ਉਸਦਾ ਵੀ ਦੌਰਾ ਸ੍ਰੀ ਸਤਿਗੁਰੂ ਜੀ ਨੇ ਕੀਤਾ। ਇਸ ਸਮੇਂ ਥਾਈਲੈਂਡ ਅਤੇ ਇੰਗਲੈਂਡ ਦੀ ਸੰਗਤ ਵੀ ਨਾਲ ਸੀ। ਇਥੋਂ ਵਾਪਸੀ ਸਮੇਂ ਜਗਦੀਸ ਸਿੰਘ ਭੂੰਤਰ ਦੇ ਗ੍ਰਹਿ ਸਾਰੀ ਸੰਗਤ ਅਤੇ ਸ੍ਰੀ ਸਤਿਗੁਰੂ ਜੀ ਨੇ ਜਲ ਪਾਣੀ ਛਕਣ ਉਪਰੰਤ ਭੂੰਤਰ ਤੋਂ ਚੱਲ ਕੇ ਮੰਡੀ ਬਿਆਸ ਦਰਿਆਂ ਦੇ ਕੰਡੇ ਬਣੀ ਕੋਠੀ ਆਣ ਪਧਾਰੇ। ਸ੍ਰੀ ਸਤਿਗੁਰੂ ਜੀ ਵੱਲੋਂ ਸੰਗਤ ਦੀ ਸੁੱਖ-ਸਹੂਲਤ ਲਈ ਨਵੇਂ ਉਸਾਰੇ ਜਾ ਰਹੇ ਦੀਵਾਨ ਹਾਲ ਦਾ ਦੌਰਾ ਕੀਤਾ ਅਤੇ ਇਥੇ ਹੀ ਰੁੱਕ ਰਾਤ ਵਿਸ਼ਰਾਮ ਕੀਤਾ।

**19 ਅਕਤੂਬਰ 2022 ਦਿਨ ਬੁੱਧਵਾਰ–** ਸਵੇਰੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਮ ਨਾਮਧਾਰੀ ਧਰਮਸ਼ਾਲਾ ਸਕੂਲ ਬਜਾਰ ਮੰਡੀ ਵਿਖੇ ਰਾਗੀ ਗੁਰਲਾਲ ਸਿੰਘ, ਈਸ਼ਰ ਸਿੰਘ ਤੇ ਇਕਬਾਲ ਸਿੰਘ ਨੇ ਕੀਤਾ। ਇਥੇ ਹੀ ਪੰਡਿਤ ਸੁਖਰਾਮ ਸਾਬਕਾ ਮੰਤਰੀ ਭਾਰਤ ਸਰਕਾਰ ਦੇ ਬੇਟੇ ਅਤੇ ਮੰਡੀ ਦੇ ਮਜੂਦਾ ਐਮ.ਐਲ.ਏ. ਸ੍ਰੀ ਅਨਿਲ ਸ਼ਰਮਾਂ ਜੀ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕਰਨ ਲਈ ਪਧਾਰੇ। ਆਸਾ ਦੀ ਵਾਰ ਦੇ ਭੋਗ ਉਪਰੰਤ ਛੋਟੇ-ਬੱਚੇ ਗਿਆਨ ਸਿੰਘ ਪੁੱਤਰ ਗੁਰਚਰਨ ਸਿੰਘ, ਗੁਰਦੇਵ ਕੌਰ ਪੁੱਤਰੀ ਗੁਰਮੁਖ ਸਿੰਘ ਅਤੇ ਹਰਨਾਮ ਕੌਰ, ਹਰਦੇਵ ਸਿੰਘ, ਹਰਸਿਮਰਨ ਸਿੰਘ, ਅਮਰ ਕੌਰ ਨੇਰ ਚੌਂਕ ਤੋਂ ਸ. ਗੁਰਦਿਆਲ ਦੇ ਪੋਤਰੇ ਤੇ ਪੋਤਰੀਆਂ ਇਨ੍ਹਾਂ ਬੱਚਿਆਂ ਨੇ ਸ਼ਬਦ ਗਾਇਨ ਕੀਤੇ। ਇਥੋਂ ਹੀ ਚੱਲ ਕੇ ਸੁਖਵਿੰਦਰ ਸਿੰਘ ਪੁੱਤਰ ਦਰਸ਼ਨ ਸਿੰਘ, ਰਤਨ ਸਿੰਘ ਪੁੱਤਰ ਧਨਵੰਤ ਸਿੰਘ, ਡਾ. ਪਰਮਜੀਤ ਸਿੰਘ ਪੁੱਤਰ ਸ. ਗੁਰਜੀਤ ਸਿੰਘ ਗ੍ਰਹਿ ਵਿਖੇ ਚਰਨ ਪਾਉਣ ਦੀ ਕ੍ਰਿਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ। ਕੁਝ ਸਮਾਂ ਕੋਠੀ ਰੁਕਣ ਉਪਰੰਤ ਸ੍ਰੀ ਸਤਿਗੁਰੂ ਜੀ ਨਾਮਧਾਰੀ ਸੀਡਜ ਦੇ ਫਾਰਮਾਂ ਦਾ ਦੌਰਾ ਕੀਤਾ। ਵਾਰ ਦੀ ਸਮਾਪਤੀ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਸ. ਰਜਿੰਦਰਪਾਲ ਸਿੰਘ ਮੰਡੀ ਦੇ ਦੋਨੋਂ ਬੱਚਿਆਂ ਕਾਕਾ ਰਾਜ ਸਿੰਘ ਤੇ ਰੋਜ ਸਿੰਘ ਨੂੰ ਦਸਤਾਰ ਸਜਾਉਣ ਦੀ ਕਿਰਪਾ ਕੀਤੀ।

**ਸੂਬਾ ਬਲਵਿੰਦਰ ਸਿੰਘ ਝੱਲ**

## ਖ਼ੂਬਸੂਰਤ ਪਲ

**30-10-2022 (ਦਿੱਲੀ)** ਸ੍ਰੀ ਸਤਿਗੁਰੂ ਉਦੇ ਸਿੰਘ ਜੀ ਆਸਾ ਦੀ ਵਾਰ ਤੋ ਬਾਅਦ ਸਵੇਰ ਦੇ ਸਮੇਂ ਦੀ ਸੈਰ ਕਰਨ ਲਈ ਰਿਜ ਰੋਡ ਸਥਿਤ ਬੁੱਧ ਜਯੰਤੀ ਪਾਰਕ ਵਿਖੇ ਪਹੁੰਚੇ ਤਾਂ ਸਤਿਗੁਰੂ ਜੀ ਦੀ ਆਭਾ ਵੇਖ ਆਕਰਸ਼ਿਤ ਹੋ ਬਹੁਤ ਸਾਰੇ ਲੋਕ ਜੋ ਕਿ ਸੈਰ ਕਰਨ ਆਏ ਸਨ, ਪਾਤਸ਼ਾਹ ਜੀ ਦੇ ਚਰਨਾਂ 'ਚ ਨਤਮਸਤਕ ਹੋਣ ਲੱਗ ਪਏ, ਦੇਖ ਕੇ ਲਗਦਾ ਹੀ ਨਹੀਂ ਸੀ ਕਿ ਇਹ ਸਤਿਗੁਰੂ ਜੀ ਤੋ ਨਾ ਵਾਕਿਫ਼

ਲੋਕ ਹਨ, ਸ਼ਰਧਾ ਵਿੱਚ ਕੋਈ ਕਸਰ ਨਹੀਂ ਸੀ ਅਤੇ ਇਹਨਾਂ ਦੇ ਅਰਜ਼ ਕਰਨ ਤੇ ਪਾਤਸ਼ਾਹ ਜੀ ਫੋਟੋਆ ਵੀ ਖਿਚਵਾ ਲਈਆਂ। ਇਹਨਾਂ ਨਾਲ ਇਕ ਸੱਜਣ ਨੇ ਅਰਜ਼ ਕੀਤੀ ਆਪ ਜੀ 'ਚੋਂ ਪਰਮਾਤਮਾ ਦਾ ਨੂਰ ਦਿਸਦਾ ਹੈ, ਆਪ ਜੀ ਉਸ ਦਾ ਹੀ ਅੰਸ਼ ਹੋ ਤਾਂ ਜੁਝਾਰ ਸਿੰਘ ਓਹਨਾ ਨੂੰ ਦਸਿਆ ਇਹ ਨਾਮਧਾਰੀ ਸੰਪਰਦਾ ਦੇ ਵਰਤਮਾਨ ਸਤਿਗੁਰੂ ਜੀ ਹਨ।

**– ਹਰਪਾਲ ਸਿੰਘ ਸੋਧੀ**

## ਸ੍ਰੀ ਸਤਿਗੁਰੂ ਜੀ ਦੇ ਇਤਿਹਾਸਕ ਸਥਾਨ ਰਵਾਲਸਰ ਵਿਖੇ ਦਰਸ਼ਨ

**19 ਅਕਤੂਬਰ 2022 ਦਿਨ ਬੁੱਧਵਾਰ –** ਸ੍ਰੀ ਸਤਿਗੁਰੂ ਉਦੇ ਸਿੰਘ ਜੀ ਆਪਣੇ ਹਿਮਾਚਲ ਪ੍ਰਦੇਸ਼ ਦੇ ਦੌਰੇ ਦੌਰਾਨ ਇਤਿਹਾਸਕ ਸਥਾਨ ਰਵਾਲਸਰ ਵਿਖੇ ਦਰਸ਼ਨ ਦਿੱਤੇ ਜਿਥੇ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਮੇਲਾ ਕੀਤਾ ਗਿਆ। ਮੰਡੀ ਸ਼ਹਿਰ ਤੋਂ ਚੱਲ ਕੇ ਸ੍ਰੀ ਸਤਿਗੁਰੂ ਜੀ ਦੁਪਹਿਰ 1 ਵਜੇ ਰਵਾਲਸਰ ਦੀ ਇਸ ਧਰਤੀ ਨੂੰ ਆਣ ਭਾਗ ਲਾਏ। ਇਥੇ ਜਿਕਰ ਯੋਗ ਹੈ ਕਿ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਵੀ ਅਨੇਕਾਂ ਵਾਰ ਇਥੇ ਦਰਸ਼ਨ ਦਿੱਤੇ ਸਨ। ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਉਚੇਚੇ ਤੌਰ ਤੇ ਕਿਰਪਾ ਕਰਦੇ ਹੋਏ ਇਸ ਰਵਾਲਸਰ ਦੀ ਜਗ੍ਹਾ ਨੂੰ ਕੁਝ ਮਨਮਤੀਆਂ ਦੇ ਚੁੰਗਲ ਤੋਂ ਮੁਕਤ ਕਰਵਾਇਆ ਹੈ। ਜਿਸ ਵਿੱਚ ਸ੍ਰੀ ਸਤਿਗੁਰੂ ਜੀ ਦੀ ਕਿਰਪਾ ਨਾਲ ਸ੍ਰੀ ਭੈਣੀ ਸਾਹਿਬ ਦੇ ਨੌਜਵਾਨਾਂ ਦੇ ਜਥੇ ਦਾ ਵਿਸ਼ੇਸ਼ ਸਹਿਯੋਗ ਹੈ, ਜੋ ਅੱਜ ਵੀ ਇਥੇ ਰਵਾਲਸਰ ਵਿਖੇ ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਸੇਵਾ ਲਈ ਤਤਪਰ ਹਾਜ਼ਰ ਹਨ। ਸਥਾਨਕ ਪ੍ਰਬੰਧਕਾਂ ਦੇ ਸਹਿਯੋਗ ਨਾਲ ਇਥੇ ਮੇਲੇ ਦਾ ਅਯੋਜਨ ਕੀਤਾ ਗਿਆ।

ਪ੍ਰੋਗਰਾਮ ਮੁਤਾਬਿਕ ਦੁਪਹਿਰ 2 ਵਜੇ ਨਾਮ ਸਿਮਰਨ ਦੀ ਅਰਦਾਸ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਹੋਈ ਅਤੇ ਸਾਧ ਸੰਗਤ ਨੇ ਨਾਮ ਸਿਮਰਨ ਦੇ ਦੌਰਾਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਪਵਿੱਤਰ ਉਪਦੇਸ਼ ਸਰਵਣ ਕੀਤਾ। ਨਾਮ ਸਿਮਰਨ ਸਮਾਪਤੀ ਉਪਰੰਤ ਜ. ਗੁਰਲਾਲ ਸਿੰਘ ਨੇ ਦੀਵਾਨ ਸਜਾਇਆ ਅਤੇ ਰੰਗ ਬੰਨਿਆ। ਸਾਧ ਸੰਗਤ ਮੰਡੀ ਸ਼ਹਿਰ, ਨੇਰ ਚੌਂਕ, ਸੁੰਦਰ ਨਗਰ ਅਤੇ ਪੰਡੋਹ ਤੋਂ ਵੱਡੀ ਗਿਣਤੀ ਵਿੱਚ ਹਾਜ਼ਰ ਸੀ। ਪ੍ਰਬੰਧਕਾਂ ਵੱਲੋਂ ਸਾਧ-ਸੰਗਤ ਵਾਸਤੇ ਪ੍ਰਸ਼ਾਦੇ ਪਾਣੀ ਦਾ ਪ੍ਰਬੰਧ ਕੀਤਾ ਗਿਆ ਸੀ। ਪ੍ਰੋਗਰਾਮ ਆਰੰਭ ਹੋਣ ਤੋਂ ਪਹਿਲਾਂ ਸ੍ਰੀ ਸਤਿਗੁਰੂ ਜੀ ਨੌਜਵਾਨਾਂ ਦੇ ਜਥੇ ਨਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਚਰਨ ਛੋਹ ਧਰਤੀ ਰਵਾਲਸਰ ਵਿਖੇ ਬਣੇ ਦਸਵੇਂ ਪਾਤਸ਼ਾਹ ਦੀ ਯਾਦ ਵਿੱਚ ਉਸਾਰੇ ਗਏ ਗੁਰਦਵਾਰਾ ਸਾਹਿਬ ਵਿਖੇ ਵੀ ਦਰਸ਼ਨ ਦਿੱਤੇ। ਉਪਰੰਤ ਰਵਾਲਸਰ ਵਿਖੇ ਨਾਮਧਾਰੀ ਪੰਥ ਦੀ ਪੁਰਾਨੇ ਸਥਾਨ ਤੇ ਵੀ ਦਰਸ਼ਨ ਦੇਣ ਦੀ ਕਿਰਪਾ ਕੀਤੀ। ਇਸ ਤਰ੍ਹਾਂ ਰਵਾਲਸਰ ਦੀ ਧਰਤੀ ਤੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਹਜ਼ੂਰੀ ਵਿੱਚ ਅੱਜ ਦਾ ਮੇਲਾ ਇਤਿਹਾਸਿਕ ਅਤੇ ਯਾਦਗਾਰੀ ਬਣ ਗਿਆ। ਪ੍ਰੋਗਰਾਮ ਦੇ ਅੰਤ ਵਿੱਚ ਸ. ਮਨਜੀਤ ਸਿੰਘ ਮੰਡੀ ਨੇ ਸ੍ਰੀ ਸਤਿਗੁਰੂ ਜੀ ਦਾ ਅਤੇ ਸਾਧ ਸੰਗਤ ਦਾ ਧੰਨਵਾਦ ਕੀਤਾ। ਸ. ਸਤਿੰਦਰਪਾਲ ਸਿੰਘ ਮੰਡੀ ਨੇ ਸਵੇਰ ਦਾ ਪ੍ਰੋਗਰਾਮ ਅਨਾਉਂਸ ਕੀਤਾ ਕਿ ਸਵੇਰੇ ਆਸਾ ਦੀ ਵਾਰ ਦਾ ਕੀਰਤਨ ਨਾਮਧਾਰੀ ਧਰਮਸ਼ਾਲਾ ਸੁੰਦਰ ਨਗਰ ਵਿਖੇ ਹੋਵੇਗਾ। ਰਵਾਲਸਰ ਤੋਂ ਵਾਪਸ ਮੰਡੀ ਆਣ ਰਾਤ ਵਿਸ਼ਰਾਮ ਕੀਤਾ।

**20 ਅਕਤੂਬਰ 2022 ਦਿਨ ਵੀਰਵਾਰ–** ਸਵੇਰੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਰਾਗੀ ਗੁਰਲਾਲ ਸਿੰਘ, ਈਸ਼ਰ ਸਿੰਘ ਤੇ ਇਕਬਾਲ ਸਿੰਘ ਨੇ ਨਾਮਧਾਰੀ ਧਰਮਸ਼ਾਲਾ ਸੁੰਦਰ ਨਗਰ ਵਿੱਚ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਕੀਤਾ। ਵਾਰ ਸਮਾਪਤੀ ਉਪਰੰਤ ਜ. ਗੁਰਲਾਲ ਸਿੰਘ ਨੇ ਕਥਾ ਕੀਤੀ। ਸ. ਰਾਜਪਾਲ ਸਿੰਘ ਪੁੱਤਰ ਸ. ਅਮਰਜੀਤ ਸਿੰਘ ਦੇ ਘਰ ਪ੍ਰਸ਼ਾਦਾ ਛਕਣ ਉਪਰੰਤ ਜਥਾ ਵਾਪਸ ਸ੍ਰੀ ਭੈਣੀ ਸਾਹਿਬ ਲਈ ਚੱਲ ਪਿਆ। **ਸੂਬਾ ਬਲਵਿੰਦਰ ਸਿੰਘ ਝੱਲ**

## *Matrimonial*

**Name - Meher Singh**
Father's name - Paravjeet singh Vasir
Gazetted officer (senior chemist) in Geological Survey of India
Mother's name -Bimaljeet kaur( Bhatti)
D.O.B. - 20 / 1 / 98
Qualification - M.Sc. chemistry
Currently preparing for Net /Gate
Height - 5 feet 6 inch (168 cm.)
B.tech. 3rd year student
We are a pure vegetarian and teetotaller family with namdhari background. So looking for a suitable match from a pure vegetarian and teetotaller family.
Number– **98885–31317**

# ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਯਾਦ ਵਿੱਚ ਮਨਾਏ ਗਏ ਮੇਲੇ ਦੀਆਂ ਝਲਕੀਆਂ

ਸਥਾਨ: ਰਮੇਸ਼ ਨਗਰ, ਦਿੱਲੀ

ਮਿਤੀ: 30.10.2022










Date of Publication: 21 November 2022
Date of Posting: 23 November 2022

RNI NO.55658/93
LDM/008/2021-2023




**Available**

GET IT ON Google Play
Download on the App Store

Printed and Published by Mr. Harvendra Singh Hanspal on behalf of Namdhari Darbar.
Printed at Summit advertising press, 2DLF (Part), Moti Nagar, New Delhi
and Published from Namdhari Gurdwara, ramesh Nagar, New delhi- 110015.